Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 19*Issue 177 | Tuesday, September 15, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਅਮਰੀਕਾ ਵੱਲੋਂ ਲਾਏ ਜਾਣ ਵਾਲੇ ਟੈਰਿਫਜ਼ ਖਿਲਾਫ ਜਵਾਬੀ ਕਾਰਵਾਈ ਕਰੇਗਾ ਕੈਨੇਡਾ

ਓਟਵਾ, 14 ਸਤੰਬਰ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ 16 ਅਗਸਤ ਤੋਂ ਕੈਨੇਡਾ ਦੇ ਕੱਚੇ ਐਲੂਮੀਨੀਅਮ ਉੱਤੇ 10 ਫੀ ਸਦੀ ਟੈਰਿਫ ਲਾ ਦਿੱਤਾ ਗਿਆ। ਹਾਲਾਂਕਿ ਟਰੰਪ ਦੇ ਇਸ ਫੈਸਲੇ ਦਾ ਦੋਵਾਂ ਦੇਸ਼ਾਂ ਦੀਆਂ ਐਲੂਮੀਨੀਅਮ ਆਰਗੇਨਾਈਜ਼ੇਸ਼ਨਜ਼ ਵੱਲੋਂ ਵਿਰੋਧ ਕੀਤਾ ਗਿਆ।



ਜਿਵੇਂ ਹੀ ਟਰੰਪ ਵੱਲੋਂ ਇਨ੍ਹਾਂ ਨਵੇਂ ਟੈਰਿਫਜ਼ ਦਾ ਐਲਾਨ ਕੀਤਾ ਗਿਆ ਤਾਂ ਕੈਨੇਡੀਅਨ ਅਧਿਕਾਰੀਆਂ ਨੇ ਜਵਾਬੀ ਕਾਰਵਾਈ ਕਰਨ ਦਾ ਤਹੱਈਆ ਪ੍ਰਗਟਾਇਆ। ਸੋਮਵਾਰ ਨੂੰ ਕੈਬਨਿਟ ਮੀਟਿੰਗ ਤੋਂ ਪਹਿਲਾਂ ਵਿਦੇਸ਼ ਮੰਤਰੀ ਫਰੈਂਕੌਇਸ ਫਿਲਿਪ ਸ਼ੈਂਪੇਨ ਨੇ ਆਖਿਆ ਕਿ ਕੈਨੇਡਾ ਦੀ ਪਹੁੰਚ ਪਿਛਲੀ ਵਾਰੀ ਵਾਂਗ ਹੀ ਰਹੇਗੀ।

ਉਨ੍ਹਾਂ ਆਖਿਆ ਕਿ ਪਿਛਲੀ ਵਾਰੀ ਜਦੋਂ ਟਰੰਪ ਸਰਕਾਰ ਵੱਲੋਂ ਇਹ ਕਦਮ ਚੁੱਕਿਆ ਗਿਆ ਸੀ ਤਾਂ ਅਸੀਂ ਵੀ ਬਰਾਬਰ ਜਵਾਬੀ ਕਾਰਵਾਈ ਕੀਤੀ ਸੀ। ਉਸੇ ਤਰ੍ਹਾਂ ਹੁਣ ਟੈਰਿਫਜ਼ ਦਾ ਮੋੜਵਾਂ ਜਵਾਬ ਦਿੱਤਾ ਜਾਵੇਗਾ। ਕੈਨੇਡਾ ਵੱਲੋਂ ਵੀ 3.6 ਬਿਲੀਅਨ ਡਾਲਰ ਦੇ ਟੈਰਿਫ ਲਾਉਣ ਦੀ ਯੋਜਨਾ ਤਿਆਰ ਕੀਤੀ ਜਾ ਰਹੀ ਹੈ।

ਡਿਪਟੀ ਪ੍ਰਧਾਨ ਮੰਤਰੀ ਫਰੀਲੈਂਡ ਪਹਿਲਾਂ ਵੀ ਇਹ ਸੰਕੇਤ ਦੇ ਚੁੱਕੀ ਹੈ ਕਿ ਇਸ ਕਦਮ ਦਾ ਕੈਨੇਡਾ ਨੂੰ ਘੱਟ ਦੇ ਅਮਰੀਕਾ ਨੂੰ ਜ਼ਿਆਦਾ ਨੁਕਸਾਨ ਹੋਵ- ੇਗਾ। ਕੈਨੇਡਾ ਜਿਨ੍ਹਾਂ ਅਮਰੀਕੀ ਐਲੂਮੀਨੀਅਮ ਦੀਆਂ ਵਸਤਾਂ ਉੱਤੇ ਟੈਰਿਫ ਲਾਉਣਾ ਚਾਹੁੰਦਾ ਹੈ ਉਨ੍ਹਾਂ ਵਿੱਚ:

- ਐਲੂਮੀਨੀਅਮ ਬੈਵਰੇਜ ਕੈਨ
- ਘਰੇਲੂ ਵਸਤਾਂ ਜਿਵੇਂ ਟਿਨਫੁਆਇਲ, ਪੌਟਸ, ਸਫਾਈ ਵਾਲੇ ਪੈਡਜ਼
- ਕੰਸਟ੍ਰਕਸ਼ਨ ਮੈਟੀਰੀਅਲ ਜਿਵੇਂ ਕਿੱਲ, ਸਟੇਪਲਜ਼, ਸਕ੍ਰਿਊ, ਕਿੱਲੀਆਂ
- ਫਰਿੱਜ ਤੇ ਵਾਸ਼ਿੰਗ ਮਸ਼ੀਨਾਂ
- ਸਾਈਕਲ, ਗੌਲਫ ਕਲੱਬਜ਼, ਪਲੇਗ੍ਰਾਊਂਡ ਇਕਿਊਪਮੈਂਟ ਤੇ ਟ੍ਰਾਇਪੌਡਜ਼

ਫਰੀਲੈਂਡ ਇਹ ਵੀ ਆਖ ਚੁੱਕੀ ਹੈ ਕਿ ਕੋਵਿਡ-19 ਦੇ ਇਸ ਮਾਹੌਲ ਵਿੱਚ ਅਰਥਚਾਰੇ ਦੀ ਸਥਿਤੀ ਨੂੰ ਵੇਖਦਿਆਂ ਹੋਇਆਂ ਟਰੰਪ ਵੱਲੋਂ ਲਾਏ ਗਏ ਇਹ ਟੈਰਿਫ ਗੈਰਲੋੜੀਂਦੇ, ਗੈਰਜ਼ਰੂਰੀ ਤੇ ਕਦੇ ਸਵੀਕਾਰ ਨਾ ਕਰਨ ਯੋਗ ਹਨ।

## ਹਾਲਟਨ ਦੇ ਦੋ ਸਕੂਲਾਂ ਵਿੱਚ ਕੋਵਿਡ-19 ਦੇ ਦੋ ਮਾਮਲੇ ਆਏ ਸਾਹਮਣੇ




ਹਾਲਟਨ, 14 ਸਤੰਬਰ (ਪੋਸਟ ਬਿਊਰੋ) : ਹਾਲਟਨ ਡਿਸਟ੍ਰਿਕਟ ਸਕੂਲ ਬੋਰਡ (ਐਚਡੀਐਸਬੀ) ਵੱਲੋਂ ਐਤਵਾਰ ਨੂੰ ਕੋਵਿਡ-19 ਦੇ ਦੋ ਮਾਮਲੇ ਰਿਪੋਰਟ ਕੀਤੇ ਗਏ। ਓਕਵਿੱਲ ਵਿੱਚ 2820 ਵੈਸਟੋਕ ਟਰੇਲਜ਼ ਬੋਲੀਵੀਆਰਡ ਵਿਖੇ ਸਥਿਤ ਗਾਰਥ ਵੈੱਬ ਸੈਕੰਡਰੀ ਸਕੂਲ ਵਿੱਚ ਕੋਵਿਡ-19 ਦੇ ਇੱਕ ਮਾਮਲੇ ਦੀ ਪੁਸ਼ਟੀ ਹੋਈ ਹੈ। ਦੂਜਾ ਮਾਮਲਾ ਬ੍ਰੈਂਟ ਹਿੱਲਜ਼ ਪਬਲਿਕ ਸਕੂਲ, ਜੋ ਕਿ 2330 ਡੰਕਾਸਟਰ ਡਰਾਈਵ, ਬਰਲਿੰਗਟਨ ਵਿੱਚ ਸਥਿਤ ਹੈ, ਵਿੱਚ ਸਾਹਮਣੇ ਆਇਆ ਹੈ। ਐਚਡੀਐਸਬੀ ਵੱਲੋਂ ਕੋਵਿਡ-19 ਐਡਵਾਈਜ਼ਰੀ ਪੇਜ ਮੇਨਟੇਨ ਕੀਤਾ ਜਾਂਦਾ ਹੈ, ਜਿਸ ਵਿੱਚ ਸਕੂਲਾਂ ਦੀ ਲਿਸਟ ਦੇ ਨਾਲ ਨਾਲ ਕੋਵਿਡ-19 ਸਟੇਟਸ ਵੀ ਅਪਡੇਟ ਕੀਤਾ ਜਾਂਦਾ ਹੈ।

## ਇੱਕ ਹੋਰ ਸ਼ਟਡਾਊਨ ਤੋਂ ਇਨਕਾਰ ਨਹੀ ਕੀਤਾ ਜਾ ਸਕਦਾ : ਫੋਰਡ

ਟੋਰਾਂਟੋ, 14 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਕੋਵਿਡ-19 ਕੇਸਾਂ ਵਿੱਚ ਹੋ ਰਿਹਾ ਵਾਧਾ ਚਿੰਤਾ ਦਾ ਵਿਸ਼ਾ ਹੈ ਤੇ ਜੇ ਇਹੀ ਹਾਲ ਰਿਹਾ ਤਾਂ ਇੱਕ ਹੋਰ ਸ਼ਟਡਾਊਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਜੂਨ ਤੋਂ ਬਾਅਦ ਕੋਵਿਡ-19 ਦੇ ਮਾਮਲਿਆਂ ਵਿੱਚ ਇਜਾਫਾ ਪਾਏ ਜਾਣ ਤੋਂ ਬਾਅਦ ਸੋਮਵਾਰ ਨੂੰ ਕੁਈਨਜ਼ ਪਾਰਕ ਵਿਖੇ ਫੋਰਡ ਵੱਲੋਂ ਇਹ ਟਿੱਪਣੀ ਕੀਤੀ ਗਈ। ਫੋਰਡ ਨੇ ਆਖਿਆ ਕਿ ਇਸ ਸਮੇਂ ਹਾਲਾਤ ਦੇ ਮੱਦੇਨਜ਼ਰ ਹਰ ਬਦਲ ਖੁੱਲ੍ਹਾ ਹੈ। ਉਨ੍ਹਾਂ ਆਖਿਆ ਕਿ ਲੋੜ ਪੈਣ ਉੱਤੇ ਅਸੀਂ ਹਰ ਹੀਲਾ ਵਰਤਾਂਗੇ। ਜੇ ਹੋਰ ਸ਼ਟਡਾਊਨਜ਼ ਦੀ ਲੋੜ ਪਈ ਤਾਂ ਅਸੀਂ ਇੱਕ ਇੱਕ ਰੀਜਨ ਕਰਕੇ ਅਜਿਹਾ ਕਰਾਂਗੇ। ਉਨ੍ਹਾਂ ਆਖਿਆ ਕਿ ਇਸ ਸਮੇਂ ਓਨਟਾਰੀਓ ਵਿੱਚ ਤਿੰਨ ਜਾਂ ਚਾਰ ਹੌਟਸਪੌਟਸ ਹਨ।



ਫੋਰਡ ਨੇ ਆਖਿਆ ਕਿ ਉਹ ਲੋਕਾਂ ਨੂੰ ਵਾਰੀ ਵਾਰੀ ਇਹੋ ਅਪੀਲ ਕਰ ਰਹੇ ਹਨ ਕਿ ਸੋਸ਼ਲ ਗੈਦਰਿੰਗਜ਼ ਉੱਤੇ ਜਾਣਾ ਬੰਦ ਕਰ ਦਿਓ ਕਿਉਂਕਿ ਇਹੋ ਇੱਕਠ ਹੀ ਸੱਭ ਤੋਂ ਵੱਡੀ ਸਮੱਸਿਆ ਹਨ। ਇਸ ਤਰ੍ਹਾਂ ਦੇ ਇੱਕਠ ਬੰਦ ਹੋਣੇ ਹੀ ਚਾਹੀਦੇ ਹਨ। ਉਨ੍ਹਾਂ ਆਖਿਆ ਕਿ ਬਹੁਤੇ ਲੋਕ ਪ੍ਰੋਟੋਕਾਲਜ਼ ਦੀ ਪਾਲਣਾ ਕਰ ਰਹੇ ਹਨ ਪਰ ਅਚਾਨਕ ਕੋਈ ਨਿੱਕਾ ਜਿਹਾ ਗਰੁੱਪ ਇੱਕਠਾ ਹੁੰਦਾ ਹੈ ਤੇ ਫਿਰ ਇਹ ਸਮੱਸਿਆ ਜੰਗਲ ਦੀ ਅੱਗ ਵਾਂਗ ਫੈਲ ਜਾਂਦੀ ਹੈ।

ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਸੋਮਵਾਰ ਨੂੰ ਕੋਵਿਡ-19 ਦੇ ਮਾਮਲਿਆਂ ਵਿੱਚ ਹੋਇਆ ਵਾਧਾ ਪਰੇਸ਼ਾਨ ਕਰਨ ਵਾਲਾ ਹੈ। ਉਨ੍ਹਾਂ ਆਖਿਆ ਕਿ ਉਹ ਨਹੀਂ ਚਾਹੁੰਦੀ ਕਿ ਓਨਟਾਰੀਓ ਸਟੇਜ 2 ਲਾਕਡਾਊਨ ਵਿੱਚ ਪਹੁੰਚੇ ਪਰ ਲੋੜ ਪੈਣ ਉੱਤੇ ਕੋਈ ਹੋਰ ਚਾਰਾ ਨਹੀਂ ਹੋਵੇਗਾ। ਇਨ੍ਹਾਂ ਆਗੂਆਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਸਰਕਾਰ ਸੈਕਿੰਡ ਵੇਵ ਨੂੰ ਕੰਟਰੋਲ ਕਰਨ ਲਈ ਪਲੈਨ ਤਿਆਰ ਕਰ ਰਹੀ ਹੈ।

## ਲੀਗਾਲਟ ਨਾਲ ਮੁਲਾਕਾਤ ਵਿੱਚ ਓਟੂਲ ਨੇ ਕੁਦਰਤੀ ਵਸੀਲਿਆਂ ਨੂੰ ਮਜ਼ਬੂਤ ਕਰਨ ਦੀ ਲੋੜ ਉੱਤੇ ਦਿੱਤਾ ਜ਼ੋਰ

ਓਟਵਾ, 14 ਸਤੰਬਰ (ਪੋਸਟ ਬਿਊਰੋ) : ਕਿਊਬਿਕ ਦੇ ਪ੍ਰੀਮੀਅਰ ਫਰੈਂਕੌਇਸ ਲੀਗਾਲਟ ਨਾਲ ਪਹਿਲੀ ਆਹਮੋ ਸਾਹਮਣੀ ਮੀਟਿੰਗ ਵਿੱਚ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਕੈਨੇਡਾ ਦੇ ਕੁਦਰਤੀ ਵਸੀਲਿਆਂ ਨੂੰ ਮਜ਼ਬੂਤ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ।

ਓਟੂਲ ਨੇ ਆਖਿਆ ਕਿ ਜੇ ਉਹ ਪ੍ਰਧਾਨ ਮੰਤਰੀ ਬਣਦੇ ਹਨ ਤਾਂ ਐਨਰਜੀ ਈਸਟ ਪਾਈਪਲਾਈਨ ਉਨ੍ਹਾਂ ਦੀ ਤਰਜੀਹ ਨਹੀਂ ਹੋਵੇਗੀ ਪਰ ਉਹ ਇਹ ਯਕੀਨੀ ਬਣਾਉਣਗੇ ਕਿ ਪੱਛਮ ਵਿਚਲੇ ਪਾਈਪਲਾਈਨ ਪ੍ਰੋਜੈਕਟ ਕੈਨੇਡਾ ਦੇ ਸਮੁੱਚੇ ਅਰਥਚਾਰੇ ਨੂੰ ਅਗਾਂਹ ਲੈ ਕੇ ਜਾਣ। ਸੋਮਵਾਰ ਨੂੰ ਮਾਂਟਰੀਅਲ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਓਟੂਲ ਨੇ ਆਖਿਆ ਕਿ ਕਈ ਅਜਿਹੇ ਪ੍ਰੋਜੈਕਟ ਹਨ ਜਿਹੜੇ ਕੈਨੇਡੀਅਨ ਵਸੀਲਿਆਂ ਲਈ ਬਿਹਤਰ ਕੀਮਤ ਹਾਸਲ ਕਰਨ ਵਿੱਚ ਮਦਦ ਕਰ ਸਕਦੇ ਹਨ। ਇਸ ਤਰ੍ਹਾਂ ਦੇ ਪ੍ਰੋਜੈਕਟ ਸਾਡੇ ਦੇਸ਼ ਦੇ ਹਿਤ ਵਿੱਚ ਵੀ ਹਨ। ਜਦੋਂ ਸਾਡਾ ਅਰਥਚਾਰਾ ਰਿਕਵਰ ਕਰੇਗਾ ਤਾਂ ਅਸੀ ਅਜਿਹੇ ਪ੍ਰੋਜੈਕਟਾਂ ਤੋਂ ਬਿਹਤਰ ਕੀਮਤ ਹਾਸਲ ਕਰ ਸਕਦੇ ਹਾਂ। ਉਨ੍ਹਾਂ ਇਹ ਵੀ ਆਖਿਆ ਕਿ ਲੀਗਾਲਟ ਨਾਲ ਮੁਲਾਕਾਤ ਬਹੁਤ ਵਧੀਆ ਰਹੀ।



2019 ਵਿੱਚ ਜੇਸਨ ਕੇਨੀ ਦੇ ਅਲਬਰਟਾ ਦਾ ਪ੍ਰੀਮੀਅਰ ਬਣਨ ਤੋਂ ਬਾਅਦ ਉਨ੍ਹਾਂ ਵੱਲੋਂ ਕਿਊਬਿਕ ਦੇ ਪ੍ਰੀਮੀਅਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਉਹ ਪ੍ਰੋਵਿੰਸ ਰਾਹੀਂ ਕੈਨੇਡਾ ਭਰ ਵਿੱਚ ਪਾਈਪਲਾਈਨ ਦੀ ਉਸਾਰੀ ਬਾਰੇ ਵਿਚਾਰ ਕਰਨ ਤਾਂ ਕਿ ਵਧੇਰੇ ਤੇਲ ਮਾਰਕਿਟ ਤੱਕ ਪਹੁੰਚਾਇਆ ਜਾ ਸਕੇ। ਪਰ ਲੀਗਾਲਟ ਵੱਲੋਂ ਅਜਿਹੀਆਂ ਮੰਗਾਂ ਨੂੰ ਠੁਕਰਾਇਆ ਜਾਂਦਾ ਰਿਹਾ ਹੈ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਮੁੱਦੇ ਉੱਤੇ ਕੋਈ ਸਮਾਜਕ ਸਵੀਕ੍ਰਿਤੀ ਨਹੀ ਮਿਲੇਗੀ।

ਓਟੂਲ ਨੇ ਆਖਿਆ ਕਿ ਇਸ ਬਾਰੇ ਪ੍ਰੀਮੀਅਰ ਕੇਨੀ ਵੱਲੋਂ ਪਹਿਲਾਂ ਹੀ ਆਪਣੇ ਹਮਰੁਤਬਾ ਅਧਿਕਾਰੀਆਂ ਨਾਲ ਗੱਲ ਕੀਤੇ ਜਾਣ ਤੋਂ ਭਾਵ ਹੈ ਕਿ ਉਹ ਭਾਈਵਾਲੀ ਚਾਹੁੰਦੇ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਵੀ ਇਹੋ ਲੱਗਦਾ ਹੈ ਕਿ ਸਾਰੇ ਪ੍ਰੋਵਿੰਸ਼ੀਅਲ ਪ੍ਰੀਮੀਅਰਜ਼ ਇਹੋ ਚਾਹੁੰਦੇ ਹਨ ਕਿ ਓਟਵਾ ਵਿੱਚ ਉਨ੍ਹਾਂ ਨੂੰ ਕੋਈ ਭਾਈਵਾਲ ਮਿਲੇ। ਉਨ੍ਹਾਂ ਆਖਿਆ ਸਾਡੀ ਵੀ ਪਹੁੰਚ ਟਕਰਾਅ ਵਾਲੀ ਨਹੀਂ ਸਗੋਂ ਸਾਂਝ ਪਾਉਣ ਦੀ ਹੀ ਰਹੇਗੀ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Send - Exchange - Receive
Toll Free: 1833 823 5439 | 647 783 0049

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets
Completly Furnished Legal Basement
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps | Cockroaches | Carpenter Ants | Silver Fish | Racoons
Call : PARESH PATEL
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CALL: 905-793-2202
You can Place Your Business Here
To Reach Wider Audience


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# 100,000 ਵਰਕਰਜ਼ ਹੋਰ ਹਾਇਰ ਕਰੇਗੀ ਐਮੇਜ਼ੌਨ

ਨਿਊ ਯੌਰਕ, 14 ਸਤੰਬਰ (ਪੋਸਟ ਬਿਊਰੋ) : ਆਨਲਾਈਨ ਆਰਡਰਜ਼ ਵਿੱਚ ਹੋਏ ਵਾਧੇ ਦੇ ਮੱਦੇਨਜ਼ਰ ਐਮੇਜ਼ੌਨ ਵੱਲੋਂ ਸੋਮਵਾਰ ਨੂੰ 100,000 ਲੋਕਾਂ ਨੂੰ ਹੋਰ ਹਾਇਰ ਕਰਨ ਦਾ ਐਲਾਨ ਕੀਤਾ ਗਿਆ।

ਕੰਪਨੀ ਨੇ ਆਖਿਆ ਕਿ ਨਵੇਂ ਹਾਇਰ ਕੀਤੇ ਲੋਕ ਪਾਰਟ ਟਾਈਮ ਜਾਂ ਫੁੱਲ ਟਾਈਮ ਕੰਮ ਕਰਦੇ ਹੋਏ ਪੈਕਿੰਗ, ਸ਼ਿਪਿੰਗ ਜਾਂ ਆਰਡਰਜ਼ ਨੂੰ ਛਾਂਟਣ ਵਿੱਚ ਮਦਦ ਕਰਨਗੇ। ਐਮੇਜ਼ੌਨ ਨੇ ਇਹ ਵੀ ਸਪਸ਼ਟ ਕੀਤਾ ਕਿ ਇਹ ਨੌਕਰੀਆਂ ਛੁੱਟੀਆਂ ਵਿੱਚ ਉਨ੍ਹਾਂ ਵੱਲੋਂ ਕੀਤੀ ਜਾਣ ਵਾਲੀ ਹਾਇਰਿੰਗ ਨਾਲ ਸਬੰਧਤ ਨਹੀਂ ਹਨ।

ਸਿਆਟਲ ਸਥਿਤ ਆਨਲਾਈਨ ਕੰਪਨੀ ਨੇ ਦੱਸਿਆ ਕਿ ਉਨ੍ਹਾਂ ਦਾ ਕਾਰੋਬਾਰ




ਦਿਨ ਰਾਤ ਤਰੱਕੀ ਕਰ ਰਿਹਾ ਹੈ। ਇਸ ਵਾਰੀ ਰਿਕਾਰਡ ਪ੍ਰੌਫਿਟ ਹੋਇਆ ਹੈ ਤੇ ਅਪਰੈਲ ਤੋਂ ਜੂਨ ਦਰਮਿਆਨ ਕਾਫੀ ਮੁਨਾਫਾ ਕੰਪਨੀ ਨੂੰ ਮਿਲਿਆ ਹੈ। ਅਜਿਹਾ ਇਸ ਲਈ ਕਿਉਂਕਿ ਮਹਾਂਮਾਰੀ ਕਾਰਨ ਬਹੁਤੇ ਲੋਕਾਂ ਵੱਲੋਂ ਗਰੌਸਰੀ ਤੇ ਹੋਰ ਸਪਲਾਈਜ਼ ਆਨਲਾਈਨ ਮੰਗਵਾਈਆਂ ਜਾ ਰਹੀਆਂ ਹਨ।

ਕੰਪਨੀ ਨੂੰ ਆਰਡਰਜ਼ ਦੀ ਡਿਮਾਂਡ ਪੂਰੀ ਕਰਨ ਲਈ ਇਸ ਸਾਲ ਦੇ ਸ਼ੁਰੂ ਵਿੱਚ ਵੀ 175,000 ਲੋਕਾਂ ਦੀਆਂ ਸੇਵਾਵਾਂ ਲੈਣੀਆਂ ਪਈਆਂ ਸਨ। ਅਜੇ ਪਿਛਲੇ ਹਫਤੇ ਹੀ ਕੰਪਨੀ ਇਹ ਐਲਾਨ ਕਰਕੇ ਹਟੀ ਹੈ ਕਿ ਉਹ 33,000 ਕਾਰਪੋਰੇਟ ਤੇ ਟੈਕ ਜੌਬਜ਼ ਲਈ ਯੋਗ ਵਿਅਕਤੀਆਂ ਦੀ ਭਾਲ ਕਰ ਰਹੀ ਹੈ।

ਐਮੇਜ਼ੌਨ ਦੇ ਵੇਅਰਹਾਊਸਿਜ਼ ਦਾ ਕੰਮਕਾਜ ਵੇਖਣ ਵਾਲੀ ਐਲੀਸ਼ੀਆ ਬੋਲਰ ਡੇਵਿਸ ਨੇ ਆਖਿਆ ਕਿ ਕੰਪਨੀ ਕਈ ਸ਼ਹਿਰਾਂ ਵਿੱਚ 1000 ਡਾਲਰ ਤੱਕ ਸਾਈਨ ਆਨ ਬੋਨਸਿਜ਼ ਦੇ ਰਹੀ ਹੈ। ਇਹ ਸ਼ਹਿਰ ਜਿਵੇਂ ਕਿ ਡਿਟਰੌਇਟ, ਨਿਊ ਯੌਰਕ, ਫਿਲਾਡੈਲਫੀਆ, ਲੁਈਜ਼ਵਿੱਲ ਤੇ ਕੈਨਟਕੀ ਆਦਿ, ਅਜਿਹੇ ਹਨ ਜਿੱਥੇ ਵਰਕਰਜ਼ ਦੀ ਭਾਲ ਕਰਨਾ ਔਖਾ ਕੰਮ ਹੈ। ਐਮੇਜ਼ੌਨ ਵਿੱਚ ਸਟਾਰਟਿੰਗ ਪੇਅ ਹੀ 15 ਡਾਲਰ ਪ੍ਰਤੀ ਘੰਟਾ ਹੈ।

# ਨਿਊ ਬਰੰਜ਼ਵਿੱਕ ਵਿੱਚ ਵੋਟਰਾਂ ਨੇ ਪ੍ਰੋਗਰੈਸਿਵ ਕੰਜ਼ਰਵੇਟਿਵਜ਼ ਦੇ ਹੱਕ ਵਿੱਚ ਦਿੱਤਾ ਫਤਵਾ

ਫਰੈਡਰਿਕਟਨ, 14 ਸਤੰਬਰ (ਪੋਸਟ ਬਿਊਰੋ) : ਨਿਊ ਬਰੰਜ਼ਵਿੱਕ ਦੇ ਵੋਟਰਾਂ ਨੇ ਸੋਮਵਾਰ ਨੂੰ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਦੇ ਹੱਕ ਵਿੱਚ ਫਤਵਾ ਦੇ ਦਿੱਤਾ। ਕੋਵਿਡ-19 ਮਹਾਂਮਾਰੀ ਫੈਲਣ ਤੋਂ ਬਾਅਦ ਕੈਨੇਡਾ ਵਿੱਚ ਹੋਈ ਇਹ ਆਪਣੀ ਕਿਸਮ ਦੀ ਵਿਲੱਖਣ ਚੋਣ ਹੈ।

ਵੋਟਿੰਗ ਬੰਦ ਹੋਣ ਤੋਂ ਇੱਕ ਘੰਟੇ ਬਾਅਦ ਹੀ ਪ੍ਰੀਮੀਅਰ ਬਲੇਨ ਹਿੱਗਜ਼ ਦੀ ਅਗਵਾਈ ਵਾਲੇ ਕੰਜ਼ਰਵੇਟਿਵਾਂ ਨੇ 27 ਹਲਕਿਆਂ ਵਿੱਚ ਦਬਦਬਾ ਕਾਇਮ ਕਰਕੇ ਮੋਰਚਾ ਫਤਹਿ ਕਰ ਲਿਆ। ਲਿਬਰਲਾਂ ਨੂੰ 18, ਗ੍ਰੀਨ ਪਾਰਟੀ ਨੂੰ ਤਿੰਨ ਤੇ ਪੀਪਲਜ਼ ਅਲਾਇੰਸ ਨੂੰ ਇੱਕ ਹਲਕੇ ਵਿੱਚ ਸਫਲਤਾ ਮਿਲੀ।

2003 ਵਿੱਚ ਬਰਨਾਰਡ ਲੌਰਡ ਦੀ ਅਗਵਾਈ ਵਿੱਚ ਟੋਰੀਜ਼ ਨੂੰ ਮਿਲੀ ਜਿੱਤ ਤੋਂ ਬਾਅਦ ਨਿਊ ਬਰੰਜ਼ਵਿੱਕ ਵਿੱਚ ਅਜਿਹਾ ਪਹਿਲੀ ਵਾਰੀ ਹੋਇਆ ਹੈ ਕਿ ਕਿਸੇ ਸਰਕਾਰ ਨੂੰ ਲਗਾਤਾਰ ਦੋ ਵਾਰੀ ਜਿੱਤ ਹਾਸਲ ਹੋਈ ਹੋਵੇ। ਚਾਰ ਹਫਤੇ ਪਹਿਲਾਂ ਹਿੱਗਜ਼ ਵੱਲੋਂ ਅਚਨਚੇਤੀ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਗਿਆ ਸੀ। ਇਸ ਲਈ ਉਨ੍ਹਾਂ ਇਹ ਕਾਰਨ ਦੱਸਿਆ ਸੀ ਕਿ ਪ੍ਰੋਵਿੰਸ ਵਿੱਚ ਮਹਾਂਮਾਰੀ ਦੇ ਚੱਲਦਿਆਂ 21 ਮਹੀਨੇ ਪੁਰਾਣੀ ਉਨ੍ਹਾਂ ਦੀ ਸਰਕਾਰ ਨੂੰ ਸਥਿਰਤਾ ਦੀ ਕਾਫੀ ਘਾਟ ਮਹਿਸੂਸ ਹੋ ਰਹੀ ਹੈ।


ਉਨ੍ਹਾਂ ਦੇ ਵਿਰੋਧੀਆਂ ਨੇ ਉਨ੍ਹਾਂ ਉੱਤੇ ਸਿਆਸੀ ਮੌਕਾਪ੍ਰਸਤੀ ਦਾ ਦੋਸ਼ ਲਾਇਆ ਸੀ ਪਰ ਹਿੱਗਜ਼ ਨੇ



ਇਹ ਦਾਅ ਖੇਡ ਲਿਆ ਕਿਉਂਕਿ ਕੋਵਿਡ-19 ਮਹਾਂਮਾਰੀ ਦੌਰਾਨ ਬਿਹਤਰੀਨ ਲੀਡਰਸ਼ਿਪ ਕਾਰਨ ਚੁਫੇਰਿਓਂ ਉਨ੍ਹਾਂ ਦੀ ਸ਼ਲਾਘਾ ਹੋ ਰਹੀ ਸੀ। ਆਪਣੀ ਚੋਣ ਮੁਹਿੰਮ ਦੇ ਆਖਰੀ ਹਫਤੇ ਹਿੱਗਜ਼ ਨੇ ਆਖਿਆ ਕਿ ਉਹ ਬਹੁਗਿਣਤੀ ਨਾਲ ਜਿੱਤਣਾ ਚਾਹੁੰਦੇ ਹਨ ਤਾਂ ਕਿ ਟੋਰੀਜ਼ ਹੈਲਥ ਕੇਅਰ ਤੇ ਲੋਕਾਂ ਨੂੰ ਸੁਰੱਖਿਅਤ ਰੱਖਣ ਵੱਲ ਧਿਆਨ ਦੇ ਸਕਣ। ਉਨ੍ਹਾਂ ਇਹ ਵੀ ਚੇਤਾਇਆ ਸੀ ਕਿ ਇਸ ਮੌਕੇ ਕਿਸੇ ਵੀ ਤਰ੍ਹਾਂ ਦੇ ਹੋਰ ਬਦਲ ਨਾਲ ਪ੍ਰੋਵਿੰਸ ਨੂੰ ਖਤਰਾ ਹੋ ਸਕਦਾ ਹੈ।

66 ਸਾਲਾ ਹਿੱਗਜ਼ ਨੇ ਇਹ ਵੀ ਆਖਿਆ ਸੀ ਕਿ ਹੋ ਸਕਦਾ ਹੈ ਕਿ ਉਹ ਬੋਰਿੰਗ ਹੋਣ ਪਰ ਉਹ ਭਰੋਸੇਯੋਗ ਹਨ। ਵਿਧਾਨਸਭਾ ਭੰਗ ਹੋਣ ਸਮੇਂ 20 ਸੀਟਾਂ ਟੋਰੀਜ਼ ਕੋਲ, 20 ਲਿਬਰਲਾਂ ਕੋਲ, ਤਿੰਨ ਗ੍ਰੀਨਜ਼ ਕੋਲ ਅਤੇ ਤਿੰਨ ਪੀਪਲਜ਼ ਅਲਾਇੰਸ ਕੋਲ ਸਨ, ਇਸ ਤੋਂ ਇਲਾਵਾ ਇੱਕ ਆਜ਼ਾਦ ਉਮੀਦਵਾਰ ਕੋਲ ਸੀ ਤੇ ਦੋ ਖਾਲੀ ਸਨ। 49 ਸੀਟਾਂ ਵਾਲੇ ਹਾਊਸ ਵਿੱਚ ਬਹੁਗਿਣਤੀ ਲਈ 25 ਸੀਟਾਂ ਦੀ ਲੋੜ ਸੀ।

## ਪ੍ਰੋਵਿੰਸ ਵੱਲੋਂ ਓਨਟਾਰੀਓ ਦੇ ਹਸਪਤਾਲਾਂ ਲਈ 174 ਮਿਲੀਅਨ ਡਾਲਰ ਦੇਣ ਦਾ ਐਲਾਨ




ਓਨਟਾਰੀਓ, 14 ਸਤੰਬਰ (ਪੋਸਟ ਬਿਊਰੋ) : ਪ੍ਰੋਵਿੰਸ ਵੱਲੋਂ ਓਨਟਾਰੀਓ ਦੇ ਹਸਪਤਾਲਾਂ ਲਈ 174 ਮਿਲੀਅਨ ਡਾਲਰ ਦੇਣ ਦਾ ਐਲਾਨ ਕੀਤਾ ਗਿਆ ਹੈ।

ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਸੋਮਵਾਰ ਨੂੰ ਇਹ ਐਲਾਨ ਮਿਸੀਸਾਗਾ ਵਿੱਚ ਟ੍ਰਿਲੀਅਮ ਹੈਲਥ ਪਾਰਟਨਰਜ਼ ਦੇ ਬਾਹਰ ਕੀਤਾ। ਫੋਰਡ ਸਰਕਾਰ ਨੇ ਆਖਿਆ ਕਿ 174 ਮਿਲੀਅਨ ਡਾਲਰ 129 ਹਸਪਤਾਲਾਂ ਨੂੰ ਅਪਗ੍ਰੇਡ ਕਰਨ ਲਈ ਦਿੱਤਾ ਜਾਵੇਗਾ। ਇਸ ਦੌਰਾਨ ਐਚਵੀਏਸੀ ਸਿਸਟਮ ਅਪਡੇਟ ਕੀਤੇ ਜਾਣਗੇ, ਵਧੇਰੇ ਆਈਸੋਲੇਸ਼ਨ ਸੇਪਸਿਜ਼ ਤਿਆਰ ਕੀਤੀਆਂ ਜਾਣਗੀਆਂ ਅਤੇ ਇਨਫੈਕਸ਼ਨ ਕੰਟਰੋਲ ਮਾਪਦੰਡਾਂ ਵਿੱਚ ਵਾਧਾ ਕੀਤਾ ਜਾਵੇਗਾ।

ਇਸ ਫੰਡਿੰਗ ਵਿੱਚੋਂ 3.4 ਮਿਲੀਅਨ ਡਾਲਰ ਟ੍ਰਿਲੀਅਮ ਹੈਲਥ ਪਾਰਟਨਰਜ਼ ਨੂੰ ਉਨ੍ਹਾਂ ਦੀਆਂ ਤਿੰਨਾਂ ਸਾਈਟਸ ਉੱਤੇ ਚੱਲ ਰਹੇ ਪ੍ਰੋਜੈਕਟਾਂ ਵਾਸਤੇ ਦਿੱਤੇ ਜਾਣਗੇ।

## ਸਟਾਫਰ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਬਲਾਕ ਕਾਕਸ ਆਈਸੋਲੇਸ਼ਨ 'ਚ



ਓਟਵਾ, 15 ਸਤੰਬਰ (ਪੋਸਟ ਬਿਊਰੋ) : ਬਲਾਕ ਕਿਊਬਿਕੁਆ ਦੇ ਆਗੂ ਯਵੇਸ ਫਰੈਂਕੋਇਸ ਬਲਾਂਸ਼ੇ ਤੇ ਉਨ੍ਹਾਂ ਦਾ ਸਮੁੱਚਾ ਕਾਕਸ ਹੀ ਸੈਲਫ ਆਈਸੋਲੇਟ ਹੋ ਗਿਆ ਹੈ। ਬਲਾਂਸ਼ੇ ਦੇ ਆਫਿਸ ਦੇ ਇੱਕ ਕਰਮਚਾਰੀ ਦੇ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਇਹ ਫੈਸਲਾ ਲਿਆ ਗਿਆ।

ਪਾਰਟੀ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਬਲਾਂਸ਼ੇ ਤੇ ਬਲਾਕ ਦੇ 31 ਹੋਰ ਐਮਪੀਜ਼ ਦੇ ਟੈਸਟ ਕਰਵਾਏ ਜਾਣਗੇ ਤੇ ਇਨ੍ਹਾਂ ਸਾਰਿਆਂ ਵੱਲੋਂ ਪਬਲਿਕ ਹੈਲਥ ਪ੍ਰੀਕਾਸ਼ਨਜ਼ ਲਈਆਂ ਜਾਣਗੀਆਂ। ਇਹ ਵੀ ਆਖਿਆ ਗਿਆ ਕਿ ਸਾਰੇ ਵਰਚੂਅਲੀ ਕੰਮ ਕਰਨਾ ਜਾਰੀ ਰੱਖਣਗੇ। ਗਰੁੱਪ ਵੱਲੋਂ ਨਿਜੀ ਤੌਰ ਉੱਤੇ ਕੀਤੀ ਗਈ ਮੀਟਿੰਗ ਤੋਂ ਬਾਅਦ ਹੀ ਇਹ ਕਰਮਚਾਰੀ ਪਾਜ਼ੀਟਿਵ ਆਇਆ ਸੀ। ਬਲਾਕ ਕਿਊਬਿਕੁਆ ਦੀ ਤਰਜ਼ਮਾਨ ਕੈਰੋਲੇਨ ਲੈਂਡਰਾਇ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਸਾਡੇ ਵੱਲੋਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ।

ਪਾਰਲੀਆਮੈਂਟ ਦੀ ਕਾਰਵਾਈ ਸ਼ੁਰੂ ਹੋਣ ਤੋਂ ਇੱਕ ਹਫਤੇ ਪਹਿਲਾਂ ਕਾਕਸ ਕੁਆਰਨਟੀਨ ਕਰ ਰਿਹਾ ਹੈ। ਇਸ ਵਾਰੀ ਪਾਰਲੀਆਮੈਂਟ ਵਿੱਚ ਕਈ ਤਰ੍ਹਾਂ ਦੀ ਅਹਿਮ ਬਹਿਸ ਹੋਣੀ ਹੈ ਤੇ 23 ਸਤੰਬਰ ਨੂੰ ਲਿਬਰਲਾਂ ਵੱਲੋਂ ਰਾਜ ਭਾਸ਼ਣ ਤੋਂ ਬਾਅਦ ਵੋਟਾਂ ਵੀ ਪੈਣੀਆਂ ਹਨ। ਹੁਣ ਤੱਕ ਮਹਾਂਮਾਰੀ ਕਾਰਨ ਹਾਊਸ ਆਫ ਕਾਮਨਜ਼ ਦਾ ਕੰਮਕਾਜ ਕਿਸ ਤਰ੍ਹਾਂ ਚਲਾਇਆ ਜਾਣਾ ਹੈ ਇਸ ਬਾਰੇ ਪਾਰਟੀਆਂ ਕਿਸੇ ਸਮਝੌਤੇ ਉੱਤੇ ਨਹੀਂ ਪਹੁੰਚੀਆਂ ਹਨ।

## ਜੈਂਟਲਮੈਨਜ਼ ਕਲੱਬ ਨਾਲ ਸਬੰਧਤ ਸੱਤ ਵਿਅਕਤੀ ਪਾਏ ਗਏ ਕੋਵਿਡ-19 ਪਾਜ਼ੀਟਿਵ



ਟੋਰਾਂਟੋ, 14 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਪਬਲਿਕ ਹੈਲਥ ਦਾ ਕਹਿਣਾ ਹੈ ਕਿ ਬਲੂਅਰ ਅਤੇ ਲੈਂਡਸਡਾਊਨ ਇਲਾਕੇ ਵਿੱਚ ਜੈਂਟਲਮੈਨਜ਼ ਕਲੱਬ ਨਾਲ ਸਬੰਧਤ ਸੱਤ ਵਿਅਕਤੀ ਕੋਵਿਡ-19 ਪਾਜ਼ੀਟਿਵ ਪਾਏ ਗਏ ਹਨ।

ਕੱਲ੍ਹ ਸਿਹਤ ਅਧਿਕਾਰੀਆਂ ਵੱਲੋਂ ਇੱਕ ਨੋਟਿਸ ਜਾਰੀ ਕਰਕੇ ਇਹ ਜਾਣਕਾਰੀ ਦਿੱਤੀ ਕਿ ਬਲੂਅਰ ਸਟਰੀਟ ਵੈਸਟ ਉੱਤੇ ਸਥਿਤ ਕਲੱਬ ਪੈਰਾਡਾਈਜ਼ ਦੇ ਸਰਪ੍ਰਸਤ ਤੇ ਛੇ ਸਟਾਫ ਮੈਂਬਰ ਕੋਵਿਡ-19 ਪਾਜ਼ੀਟਿਵ ਪਾਏ ਗਏ ਹਨ। ਸਿਹਤ ਅਧਿਕਾਰੀਆਂ ਨੇ ਦੱਸਿਆ ਕਿ ਉਹ 4 ਸਤੰਬਰ ਤੋਂ ਪਾਜ਼ੀਟਿਵ ਹਨ। ਉਨ੍ਹਾਂ ਆਖਿਆ ਹਾਲਾਂਕਿ ਸਰਪ੍ਰਸਤਾਂ ਵਿੱਚ ਇਸ ਵਾਇਰਸ ਦਾ ਖਤਰਾ ਭਾਵੇਂ ਘੱਟ ਹੈ ਪਰ ਜੋ ਕੋਈ ਵੀ 29 ਅਗਸਤ ਤੋਂ 10 ਸਤੰਬਰ ਦਰਮਿਆਨ ਕਲੱਬ ਗਿਆ ਹੈ ਤਾਂ ਉਸ ਨੂੰ ਆਪਣੇ ਲੱਛਣਾਂ ਬਾਰੇ ਖੁਦ ਧਿਆਨ ਰੱਖਣਾ ਚਾਹੀਦਾ ਹੈ।

ਕਲੱਬ ਮਾਲਕਾਂ ਵੱਲੋਂ ਦੋ ਹਫਤਿਆਂ ਲਈ ਕਲੱਬ ਨੂੰ ਬੰਦ ਕਰ ਦਿੱਤਾ ਗਿਆ ਹੈ। ਟੋਰਾਂਟੋ ਵਿੱਚ ਸਟ੍ਰਿੱਪ ਕਲੱਬ ਨਾਲ ਸਬੰਧਤ ਕੋਵਿਡ-19 ਐਕਸਪੋਜ਼ਰ ਦਾ ਇਹ ਦੂਜਾ ਮਾਮਲਾ ਸਾਹਮਣੇ ਆਇਆ ਹੈ।

## ਚੀਨ ਵੱਲੋਂ ਬ੍ਰਿਟੇਨ ਦੇ 40 ਹਜ਼ਾਰ ਲੋਕਾਂ ਦੀ ਜਾਸੂਸੀ ਕੀਤੀ ਗਈ

ਲੰਡਨ, 14 ਸਤੰਬਰ, (ਪੋਸਟ ਬਿਊਰੋ)- ਚੀਨ ਦੀ ਇੱਕ ਕੰਪਨੀ ਨੇ ਸਿਰਫ ਭਾਰਤੀਆਗੂਆਂ, ਫੌਜ ਦੇ ਅਧਿਕਾਰੀਆਂ ਤੇ ਜੱਜਾਂ ਸਮੇਤ 10 ਹਜ਼ਾਰ ਲੋਕਾਂ ਦਾ ਡਾਟਾ ਹੀ ਇਕੱਠਾ ਨਹੀਂ ਕੀਤਾ, ਉਹ ਬ੍ਰਿਟੇਨ ਦੇ ਵੀ 40 ਹਜ਼ਾਰ ਤੋਂਵੱਧ ਪ੍ਰਮੁੱਖ ਲੋਕਾਂ ਦੀ ਜਾਣਕਾਰੀ ਇਕੱਠਾ ਕਰ ਕੇ ਜਾਸੂਸੀ ਲਈ ਦੇਂਦੀ ਰਹੀ ਹੈ। ਇਨ੍ਹਾਂ ਵਿੱਚ ਬ੍ਰਿਟੇਨ ਦੀ ਮਹਾਰਾਣੀ ਅਤੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਵੀ ਸ਼ਾਮਲ ਦੱਸੇ ਗਏ ਹਨ।

ਡਾਟਾ ਨਿਗਰਾਨੀ ਦੇ ਮਾਹਰਾਂ ਮੁਤਾਬਕ ਬ੍ਰਿਟਿਸ਼ ਸਮਾਜ ਵਿੱਚ ਇਹੋ ਜਿਹੀ ਨਿਗਰਾਨੀ ਕਰਨ ਦਾ ਕਲਪਨਾ ਤੋਂ ਪਰੇ ਸਮਝਿਆ ਜਾਂਦਾ ਹੈ। ਬ੍ਰਿਟਿਸ਼ ਖੁਫੀਆ ਸੂਤਰਾਂ ਨੇ ਵੀ ਇਸ ਨੂੰ 'ਭਿਆਨਕ' ਕਿਹਾ ਹੈ। ਭਾਰਤ ਵਿੱਚ ਜਨਤਕ ਜੀਵਨ ਵਿੱਚਪਛਾਣੀਆਂ ਜਾਂਦੀਆਂ ਪ੍ਰਮੁੱਖ ਹਸਤੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਨਿਗਰਾਨੀ ਕਰਨ ਦਾ ਖੁਲਾਸਾ 'ਇੰਡੀਅਨ ਐਕਸਪ੍ਰੈਸ' ਨੇ ਇਸ ਸੋਮਵਾਰ ਨੂੰ ਕੀਤਾ ਅਤੇ ਏਸੇ ਦਿਨ ਬ੍ਰਿਟੇਨ ਦੀ ਅਖ਼ਬਾਰ 'ਦਿ ਡੇਲੀ ਟੈਲੀਗ੍ਰਾਫ' ਨੇ ਓਥੋਂ ਦੇ ਲੋਕਾਂ ਦੀ ਜਾਸੂਸੀ ਕੀਤੇ ਜਾਣ ਦੀ ਖ਼ਬਰ ਦਿੱਤੀ ਹੈ। ਜਿਵੇਂ ਭਾਰਤ ਬਾਰੇ ਪੁੱਛਗਿੱਛ ਕੀਤੇ ਜਾਣ ਉੱਤੇ ਚੀਨੀ ਟੈਕਨੋਲੋਜੀ ਕੰਪਨੀ ਸਿਨਹੂਆ ਨੇ ਵੈਬਸਾਈਟ ਬੰਦ ਕਰ ਦਿੱਤੀ ਸੀ, ਉਹੀ ਕੁਝ'ਦਿ ਡੇਲੀ ਟੈਲੀਗ੍ਰਾਫ' ਦੇ ਨਾਲ ਹੋਇਆ ਹੈ।

ਬ੍ਰਿਟਿਸ਼ ਅਖ਼ਬਾਰ ਡੇਲੀ ਟੈਲੀਗ੍ਰਾਫ ਦੇ ਮੁਤਾਬਕ ਚੀਨੀ ਕੰਪਨੀ ਨੇ ਆਪਣੀ ਸ਼ੈਤਾਨ ਹਰਕਤ ਨੂੰਚੀਨ ਦੇ 'ਮਹਾਨ ਮੁੜ ਉਥਾਨ' ਮਿਸ਼ਨ ਲਈ ਕੀਤਾ ਦੱਸਿਆ ਹੈ। ਉਸ ਨੇ ਬ੍ਰਿਟੇਨ ਦੇ ਸੀਨੀਅਰ ਸਿਆਸਤਦਾਨਾਂ, ਸ਼ਾਹੀ ਖਾਨਦਾਨ ਦੇ ਲੋਕਾਂ, ਧਾਰਮਿਕ ਅਤੇ ਫੌਜੀ ਲੀਡਰਸ਼ਿਪ ਦੀਆਂ ਫਾਈਲਾਂ ਚੀਨੀ ਸਰਵਰ ਵਿੱਚ ਜਮ੍ਹਾਂ ਕੀਤੀਆਂ ਸਨ, ਜਿਨ੍ਹਾਂ ਦੀ ਵਰਤੋਂ ਖੁਫੀਆ ਤਰੀਕੇ ਨਾਲ ਜਾਸੂਸੀ ਲਈ ਕੀਤੀ ਜਾਣੀ ਹੈ। ਇਸ ਡਾਟਾ ਵਿੱਚ ਨਾਮ, ਜਨਮ ਤਾਰੀਖ਼, ਸਿੱਖਿਆ, ਪ੍ਰਫੈਸ਼ਨਲ ਜੀਵਨ ਅਤੇ ਹੋਰ ਸੂਚਨਾਵਾਂ ਸ਼ਾਮਲ ਹਨ। ਇਸ ਤੋਂ ਇਲਾਵਾ ਇਨ੍ਹਾਂ ਦੀ ਵੰਸ਼ਾਵਲੀ, ਸ਼ੌਕ ਤੇ ਰੁਚੀਆਂ ਦੀ ਜਾਣਕਾਰੀ ਹੈ। ਵੱਡੇ ਅਫਸਰਾਂ ਦਾ ਵੇਰਵਾ ਵੀ ਇਸ ਵਿੱਚ ਮਿਲਿਆ ਹੈ। ਅਖ਼ਬਾਰ ਨੇ ਪੂਰੇ ਦੋ ਸਫਿਆਂ ਦੇ ਕੇ ਵੇਰਵੇ ਦੇ ਕੁਝ ਅੰਸ਼ ਛਾਪੇ ਹਨ ਅਤੇ ਪਤਾ ਲੱਗਾ ਹੈ ਕਿ ਇਸ ਕੰਪਨੀ ਨੇ ਇਹੀ ਜਾਣਕਾਰੀਆਂ ਅਮਰੀਕਾ, ਕੈਨੇਡਾ, ਭਾਰਤ ਤੇ ਜਾਪਾਨ ਵਿੱਚ ਵੀ ਇਕੱਠੀਆਂ ਕੀਤੀਆਂ ਹਨ। ਸਿਨਹੁਆ ਡਾਟਾ ਨਾਂਅ ਦੀ ਕੰਪਨੀ ਕਹਿੰਦੀ ਹੈ ਕਿ ਉਹ ਇਸ ਨੂੰ ਫੌਜ, ਸੁਰੱਖਿਆ ਅਤੇ ਵਿਦੇਸ਼ੀ ਪ੍ਰਚਾਰ ਲਈ ਪੇਸ਼ ਕਰਦੀ ਹੈ। ਇਸ ਨੂੰ ਚੀਨ ਦੇ ਸੁਰੱਖਿਆ ਖੇਤਰ ਦੇ ਖ਼ਰੀਦਦਾਰਾਂ ਨੂੰ ਵੇਚਿਆ ਜਾਂਦਾ ਹੈ।

## ਖਾਲਿਸਤਾਨੀ ਝੰਡੇ ਦਾ ਕੇਸ ਐਨ ਆਈ ਏ ਵਿਸ਼ੇਸ਼ ਅਦਾਲਤ ਵਿੱਚ ਚਲਾ ਗਿਆ

ਮੋਗਾ, 14 ਸਤੰਬਰ (ਪੋਸਟ ਬਿਊਰੋ)- ਸਥਾਨਕ ਚੀਫ ਜੁਡੀਸ਼ਲ ਮੈਜਿਸਟਰੇਟ (ਸੀ ਜੇ ਐਮ) ਅਮਨਦੀਪ ਕੌਰ ਚਾਹਲ ਦੀ ਅਦਾਲਤ ਨੇ ਸਥਾਨਕ ਜ਼ਿਲਾ ਸਕੱਤਰੇਤ ਦੀ ਬਿਲਡਿੰਗ ਉੱਤੇ ਆਜ਼ਾਦੀ ਦਿਵਸ ਤੋਂ ਇੱਕ ਦਿਨ ਦਿਨ ਪਹਿਲਾਂ ਖਾਲਿਸਤਾਨੀ ਝੰਡਾ ਲਾਉਣ ਅਤੇ ਤਿਰੰਗੇ ਦੀ ਬੇਅਦਬੀ ਦਾ ਕੇਸ ਐਨ ਆਈ ਏ ਦੀ ਅਰਜ਼ੀ ਅਤੇ ਹਾਈ ਕੋਰਟ ਦੇ ਹੁਕਮਾਂ ਹੇਠ ਮੁਹਾਲੀ ਵਿਚਲੀ ਕੌਮੀ ਜਾਂਚ ਏਜੰਸੀ (ਐਨ ਆਈ ਏ) ਦੀ ਵਿਸ਼ੇਸ਼ ਅਦਾਲਤ ਵਿੱਚ ਤਬਦੀਲ ਕਰ ਦਿੱਤਾ ਹੈ। ਅਦਾਲਤ ਨੇ ਸਾਰੇ ਦੋਸ਼ੀਆਂ ਨੂੰ ਮੁਹਾਲੀ ਵਿੱਚ ਐਨ ਆਈ ਏ ਵਿਸ਼ੇਸ਼ ਅਦਾਲਤ ਅੱਗੇ ਪੇਸ਼ ਕਰਨ ਅਤੇ ਨਿਯਮਾਂ ਅਨੁਸਾਰ ਜੁਡੀਸ਼ਲ ਫਾਈਲ ਐਨ ਆਈ ਏ ਦੀ ਵਿਸ਼ੇਸ਼ ਅਦਾਲਤ ਵਿੱਚ ਭੇਜਣ ਦਾ ਹੁਕਮ ਦਿੱਤਾ ਹੈ। ਪੁਲਸ ਅੰਦਰਲੇ ਸੂਤਰਾਂ ਅਨੁਸਾਰ ਐਨ ਆਈ ਏ ਦੇ ਡੀ ਆਈ ਜੀ ਇਨ੍ਹਾਂ ਦੋਸ਼ੀਆਂ ਤੋਂ ਪੁੱਛਗਿੱਛ ਕਰਨ ਲਈ ਆ ਰਹੇ ਹਨ।

# ਅਮਰੀਕਾ ਵੱਲੋਂ ਚੀਨ ਵਿੱਚੋਂ ਆਪਣਾ ਰਾਜਦੂਤ ਹਟਾਉਣ ਦਾ ਫੈਸਲਾ

ਵਾਸ਼ਿੰਗਟਨ, 14 ਸਤੰਬਰ, (ਪੋਸਟ ਬਿਊਰੋ)- ਚੀਨ ਨਾਲ ਕਈ ਤਰ੍ਹਾਂ ਦੇ ਤਣਾਅ ਦੌਰਾਨ ਅਮਰੀਕਾ ਨੇ ਅੱਜ ਚੀਨ ਵਿਚਲੇ ਆਪਣੇ ਰਾਜਦੂਤ ਟੇਰੀ ਬ੍ਰੈਂਸਟੈਡ ਨੂੰ ਵਾਪਸ ਸੱਦਣ ਦਾ ਫ਼ੈਸਲਾ ਕਰ ਲਿਆ ਹੈ। ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਅੱਜ ਇਹ ਜਾਣਕਾਰੀ ਦਿੰਦੇ ਸਮੇਂ ਰਾਜਦੂਤ ਨੂੰ ਵਾਪਸ ਸੱਦਣ ਦਾ ਕੋਈ ਕਾਰਨ ਨਹੀਂ ਦੱਸਿਆ। ਇਸ ਬਾਰੇ ਦੂਤਘਰ ਵੱਲੋਂ ਵੀ ਕੋਈ ਪ੍ਰਤੀਕਿਰਿਆ ਨਹੀਂ ਮਿਲੀ। ਦੂਸਰੇ ਪਾਸੇ ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਾਂਗ ਵੇਨਬਿਨ ਨੇ ਕਿਹਾ ਕਿ ਅਜੇ ਤਕ ਉਨ੍ਹਾਂ ਨੂੰ ਬ੍ਰੈਂਸਟੈਡ ਦੇ ਅਹੁਦਾ ਛੱਡਣ ਦੀ ਰਸਮੀ ਸੂਚਨਾ ਨਹੀਂ ਮਿਲੀ। ਵਰਨਣ ਯੋਗ ਹੈ ਕਿ ਦੁਵੱਲੇ ਵਪਾਰ ਤੇ ਕੋਰੋਨਾ ਮਹਾਮਾਰੀ ਦੇ ਮਾਮਲਿਆਂ ਬਾਰੇ ਅਮਰੀਕਾ ਅਤੇ ਚੀਨ ਦੇ ਸਬੰਧ ਤਣਾਅ ਪੂਰਨ ਹਨ।

ਇਸ ਮੌਕੇ ਅਮਰੀਕੀ ਵਿਦੇਸ਼ ਮੰਤਰੀ ਪੌਂਪੀਓ ਨੇ ਟਵੀਟ ਕੀਤਾ ਕਿ ਮੈਂ ਤਿੰਨ ਸਾਲਾਂ ਤੋਂ ਵੱਧ ਸਮੇਂ ਤਕ ਚੀਨ ਵਿਚ ਅਮਰੀਕਾ ਦੀ ਸੇਵਾ ਕਰਨ ਲਈ ਰਾਜਦੂਤ ਟੇਰੀ ਬ੍ਰੈਂਸਟੈਡ ਦਾ ਧੰਨਵਾਦ ਕਰਦਾ ਹਾਂ, ਉਨ੍ਹਾਂ ਨੇ ਅਮਰੀਕਾ-ਚੀਨ ਸਬੰਧਾਂ ਨੂੰ ਮੁੜ ਸਥਾਪਿਤ ਕਰਨ ਵਿਚ ਮਹੱਤਵ ਪੂਰਨ ਯੋਗਦਾਨ ਦਿੱਤਾ ਹੈ।

ਦੂਸਰੇ ਪਾਸੇ ਇਕ ਅਣਪਛਾਤੇ ਸਰੋਤ ਦੇ ਹਵਾਲੇ ਨਾਲ ਸੀ ਐੱਨ ਐੱਨ ਨੈੱਟਵਰਕ ਨੇ ਇਹ ਕਿਹਾ ਹੈ ਕਿ ਬ੍ਰੈਂਸਟੈਡ ਅਗਲੇ ਨਵੰਬਰ ਵਿਚ ਹੋ ਰਹੀ ਰਾਸ਼ਟਰਪਤੀ ਚੋਣ ਤੋਂ ਪਹਿਲਾਂ ਆਪਣਾ ਅਹੁਦਾ ਛੱਡ ਸਕਦੇ ਹਨ। ਪਿਛਲੇ ਹਫ਼ਤੇ ਚੀਨ ਦੇ ਅਖਬਾਰ ਪੀਪਲਜ਼ ਡੇਲੀ ਨੇ ਟੇਰੀ ਬ੍ਰੈਂਸਟੈਡ ਦਾ ਇਕ ਲੇਖ ਨੂੰ ਛਾਪਣ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਮਗਰੋਂ ਦੋਵਾਂ ਦੇਸ਼ਾਂ ਨੇ ਇਕ-ਦੂਜੇ ਉੱਤੇ ਪ੍ਰੈੱਸ ਦੀ ਆਜ਼ਾਦੀ ਰੋਕਣ ਦਾ ਦੋਸ਼ ਲਾਇਆ ਸੀ।ਆਯੋਵਾ ਸਟੇਟ ਦੇ ਸਾਬਕਾ ਗਵਰਨਰ ਟੈਰੀ ਬ੍ਰੈਂਸਟੈਡ ਦਾ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ 1985 ਤੋਂ ਕੰਮਕਾਜੀ ਰਿਸ਼ਤਾ ਰਹਿ ਚੁੱਕਾ ਹੈ। ਜਿੰਨਪਿੰਗ ਇਕ ਖੇਤੀ ਅਧਿਕਾਰੀ ਵਜੋਂਅਮਰੀਕਾ ਦੀ ਇਸ ਸਟੇਟ ਵਿੱਚਆਏ ਸਨ। ਸਾਲ 2011 ਵਿਚ ਓਦੋਂ ਦੇ ਉਪ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਬੀਜਿੰਗ ਵਿਚ ਟੈਰੀ ਬ੍ਰੈਂਸਟੈਡ ਨਾਲ ਮੁਲਾਕਾਤ ਕੀਤੀ ਸੀ ਅਤੇ ਫਿਰ ਆਯੋਵਾ ਦੀ ਯਾਤਰਾ ਦੌਰਾਨ ਉਨ੍ਹਾਂ ਨੂੰ ਮਿਲੇ ਸਨ। ਉਹ ਅਪਰੈਲ 2013 ਵਿਚ ਫਿਰ ਮਿਲੇ ਅਤੇ ਓਦੋਂ ਬਾਅਦ ਸ਼ੀ ਜਿਨਪਿੰਗ ਚੀਨ ਦੇ ਰਾਸ਼ਟਰਪਤੀ ਬਣੇ ਸਨ। ਚੀਨ ਦੇ ਵਿਦੇਸ਼ ਮੰਤਰਾਲੇ ਨੇ ਵੀ ਬ੍ਰੈਂਸਟੈਡ ਨੂੰ ਚੀਨ ਦਾ ਪੁਰਾਣਾ ਦੋਸਤ ਦੱਸਿਆ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਅੱਜ ਨਾਮਾ

ਸਚਿਨ ਪਾਇਲਟ ਹੈ ਭੜਕਦਾ ਫੇਰ ਲੱਗਦਾ,
ਲਿਖ ਕੇ ਚਿੱਠੀ ਗਹਿਲੋਤ ਨੂੰ ਪਾਈ ਮਿੱਤਰ।
ਪਛੜੀਆਂ ਜਾਤਾਂ ਦਾ ਲਿਆ ਈ ਚੁੱਕ ਮੁੱਦਾ,
ਨੌਕਰੀਆਂ ਵਾਲੀ ਹੈ ਗੱਲ ਉਠਾਈ ਮਿੱਤਰ।
ਸੱਜਣ ਸਚਿਨ ਦੇ ਬਾਹਰ ਬਿਆਨ ਦਾਗਣ,
ਹੜਬੜ ਜਾਪਦੀ ਫਿਰਨ ਮਚਾਈ ਮਿੱਤਰ।
ਅੱਗਿਉਂ ਵਾਧੂ ਗਹਿਲੋਤ ਨਹੀਂ ਬੋਲਦਾ ਈ,
ਉਹਨੂੰ ਚੁੱਪ ਜਿਹੀ ਰਾਸ ਹੈ ਆਈ ਮਿੱਤਰ।
ਚਿੱਠੀਆਂ ਕਿੰਨੀਆ ਸਚਿਨ ਜੇ ਲਿਖੀ ਜਾਵੇ,
ਹੋਣਾ ਏਦਾਂ ਦੀ ਡਾਕ ਦਾ ਅਸਰ ਨਹੀਂ ਜੀ।
ਆ ਗਿਆ ਜਦੋਂ ਗਹਿਲੋਤ ਦੀ ਦਾੜ੍ਹ ਹੇਠਾਂ,
ਓਦਣ ਛੱਡਣੀ ਓਸ ਵੀ ਕਸਰ ਨਹੀਂ ਜੀ।

**ਤੀਸ ਮਾਰ ਖਾਂ**

# ਅਕਾਲ ਤਖਤ ਦੇ ਜਥੇਦਾਰ ਨੇ ਕਿਹਾ: ਕੇਂਦਰ ਨੇ ਜੰਮੂ-ਕਸ਼ਮੀਰ ਵਿੱਚ ਸਿੱਖਾਂ ਨੂੰ ਬੇਗਾਨੇਪਣ ਦਾ ਅਹਿਸਾਸ ਕਰਵਾਇਐ

## ਕੇਂਦਰ ਵਿਰੁੱਧ ਸ਼ਬਦੀ ਬੰਦੂਕਾਂ ਸੇਧਣ ਦਾ ਸੱਦਾ



ਪਟਿਆਲਾ, 14 ਸਤੰਬਰ, (ਪੋਸਟ ਬਿਊਰੋ)- ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅੱਜ ਕੇਂਦਰ ਦੀ ਮੋਦੀ ਸਰਕਾਰ ਖ਼ਿਲਾਫ਼ ਗ਼ੁੱਸਾ ਕੱਢਦੇ ਹੋਏ ਕਿਹਾ ਕਿ ਜੰਮੂ-ਕਸ਼ਮੀਰ ਭਾਸ਼ਾਵਾਂ ਬਿੱਲ 2020ਵਿੱਚੋਂ ਸਿੱਖਾਂ ਨੂੰ ਪੰਜਾਬੀ ਭਾਸ਼ਾ ਤੋਂਵਾਂਝੇ ਕਰਨਾ ਸੋਚੀ ਸਮਝੀ ਸਾਜ਼ਿਸ਼ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਅਜਿਹਾ ਕਦਮ ਚੁੱਕ ਕੇ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਹੈ। ਗਿਆਨੀ ਹਰਪ੍ਰੀਤ ਸਿੰਘ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਥਾਪਨਾ ਦਿਵਸ ਤੋਂ ਬਾਅਦ ਏਥੇ ਪੱਤਰਕਾਰਾਂ ਨਾਲ ਗੱਲ ਕਰ ਰਹੇ ਸਨ।

ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਭੁਲੇਖਾ ਨਾ ਰੱਖੇ ਕਿ ਸਿੱਖਾਂ ਨੂੰ ਪੰਜਾਬੀ ਭਾਸ਼ਾ ਤੋਂਵਾਂਝੇ ਰੱਖ ਕੇ ਇਸ ਭਾਈਚਾਰੇ ਨੂੰ ਖ਼ਤਮ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਗੁਆਂਢੀ ਰਾਜਾਂ ਵਿੱਚ ਵੀ ਹੋਰਨਾਂ ਭਾਸ਼ਾਵਾਂ ਨੂੰ ਲਾਗੂ ਕਰਕੇ ਪੰਜਾਬੀ ਨੂੰ ਖ਼ਤਮ ਕਰਨ ਦੇ ਯਤਨ ਕੀਤੇ ਗਏ ਸਨ, ਪਰ ਸਿੱਖਾਂ ਨੂੰ ਮੁਕਾ ਦੇਣ ਵਾਲੇ ਭਰਮ ਭੁਲੇਖਿਆਂ ਦੀ ਇੱਕ ਹੋਰ ਮਿਸਾਲ ਜੰਮੂ-ਕਸ਼ਮੀਰ ਤੋਂਮਿਲ ਸਕਦੀ ਹੈ, ਜਿੱਥੇ ਅੱਜ ਸੱਤ ਲੱਖ ਤੋਂ ਵੱਧ ਸਿੱਖ ਵਸੋਂ ਨੇ ਸਾਬਤ ਕਰ ਦਿੱਤਾ ਹੈ ਕਿ ਨਾ ਸਿੱਖ ਮੁੱਕੇ ਹਨ ਅਤੇ ਨਾ ਪੰਜਾਬੀ ਭਾਸ਼ਾ ਖ਼ਤਮ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਵਿਰੋਧੀ ਤਾਕਤਾਂ ਆਪਣੇ ਇਰਾਦਿਆਂ ਵਿੱਚ ਕਦੇ ਵੀ ਸਫਲ ਨਹੀਂ ਹੋ ਸਕਣਗੀਆਂ।

ਗਿਆਨੀ ਹਰਪ੍ਰੀਤ ਸਿੰਘ ਨੇ ਇਸ ਮੌਕੇ ਕਿਹਾ ਕਿ ਅੱਜ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਣ ਅਤੇ ਆਪੋ ਵਿੱਚ ਉਲਝਣ ਦੀ ਥਾਂ ਸ਼ਬਦੀ ਬੰਦੂਕਾਂ ਨਾਲ ਦਿੱਲੀ ਵੱਲ ਸੇਧਤ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕੌਮਾਂ ਅਤੇ ਕਬੀਲਿਆਂ ਵਿੱਚ ਮੱਤਭੇਦ ਹੁੰਦੇ ਹਨ ਅਤੇ ਸਿੱਖਾਂ ਵਿੱਚ ਸਿਧਾਂਤਕ ਵਖਰੇਵਾਂ ਆਉਣ ਨਾਲ ਬੇਵਿਸ਼ਵਾਸੀ ਅਤੇ ਬੇਭਰੋਸਗੀ ਦਾ ਮਾਹੌਲ ਬਣਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਸਥਾਵਾਂ ਅਤੇ ਧਿਰਾਂ ਨੂੰ ਚਾਹੀਦਾ ਹੈ ਕਿ ਉਹ ਸਵੈ ਪੜਚੋਲ ਕਰਕੇ ਕਮੀਆਂ ਤੇ ਗ਼ਲਤੀਆਂ ਬਾਰੇ ਸੰਗਤੀ ਸੁਝਾਅ ਨਾਲ ਭਰਮ-ਭੁਲੇਖੇ ਦੂਰ ਕਰਨ ਤਾਂ ਕਿ ਅਸੀਂ ਇਕ ਦੂਜੇ ਦੇ ਨੇੜੇ ਆ ਸਕੀਏ।

# ਕੈਪਟਨ ਵੀ ਕਿਸਾਨੀ ਆਰਡੀਨੈਂਸਾਂ ਦੇ ਮੁੱਦੇ ਉੱਤੇ ਬੁਰੇ ਕਸੂਤੇ ਫਸੇ

## * ਕੇਂਦਰੀ ਮੰਤਰੀ ਦਾ ਦਾਅਵਾ: ਅਮਰਿੰਦਰ ਨੇ ਹਾਮੀ ਭਰੀ ਸੀ



ਚੰਡੀਗੜ੍ਹ, 14 ਸਤੰਬਰ, (ਪੋਸਟ ਬਿਊਰੋ)- ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀ ਫਸਲ ਦੇ ਮੰਡੀਕਰਨ ਬਾਰੇ ਪੇਸ਼ ਕੀਤੇ ਆਰਡੀਨੈਂਸ ਉੱਤੇ ਚੱਲਦੇ ਸਿਆਸੀ ਤੂਫ਼ਾਨ ਦੀ ਲਪੇਟ ਵਿੱਚ ਪਹਿਲਾਂ ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਲੀਡਰਸ਼ਿਪ ਸਨ, ਅੱਜ ਇਸ ਦੀ ਲਪੇਟ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਫਸਦੇ ਜਾਪਣ ਲੱਗ ਪਏਹਨ। ਅੱਜ ਪਾਰਲੀਮੈਂਟ ਵਿੱਚ ਕੇਂਦਰੀ ਮੰਤਰੀ ਨੇ ਦਾਅਵਾ ਕੀਤਾ ਹੈ ਕਿ ਖੇਤੀ ਆਰਡੀਨੈਂਸਾਂ ਬਣਾਉਣ ਦੇ ਵਕਤ ਵੇਲੇ ਪੰਜ ਰਾਜਾਂ ਦੇ ਮੁੱਖ ਮੰਤਰੀਆਂ ਦੀ ਰਾਏ ਮੰਗੀ ਗਈ ਸੀ, ਜਿਨ੍ਹਾਂਵਿੱਚ ਪੰਜਾਬ ਸ਼ਾਮਲ ਸੀ ਅਤੇ ਉਨ੍ਹਾਂ ਦੇ ਹਾਮੀ ਭਰਨ ਤੋਂ ਬਾਅਦ ਹੀ ਇਸ ਆਰਡੀਨੈਂਸ ਨੂੰ ਅਮਲੀ ਜਾਮਾ ਪਹਿਨਾਇਆ ਗਿਆ ਹੈ। ਕੇਂਦਰ ਸਰਕਾਰ ਦੇ ਖਪਤਕਾਰ ਮਾਮਲਿਆਂ ਦੇ ਰਾਜ ਮੰਤਰੀ ਰਾਓ ਸਾਹਿਬ ਦਾਨਵੇ ਨੇ ਪਾਰਲੀਮੈਂਟ ਵਿੱਚ ਕਿਹਾ ਹੈ ਕਿ ਇਸ ਬਿੱਲ ਬਾਰੇ ਵਿਚਾਰ-ਵਟਾਂਦਰੇ ਲਈ ਮੁੱਖ ਮੰਤਰੀਆਂ ਦੀ ਇੱਕ ਹਾਈ ਪਾਵਰ ਕਮੇਟੀ ਬਣਾਈ ਗਈ ਸੀ, ਜਿਸ ਦੀ ਮਨਜ਼ੂਰੀ ਪਿੱਛੋਂ ਕੇਂਦਰ ਸਰਕਾਰ ਨੇ ਇਹ ਆਰਡੀਨੈਂਸ ਲਾਗੂ ਕੀਤੇ ਸਨ ਤੇ ਇਸ ਕਮੇਟੀ ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸ਼ਾਮਲ ਸਨ।ਕੇਂਦਰੀ ਮੰਤਰੀ ਦੇ ਇਸ ਦਾਅਵੇ ਪਿੱਛੋਂ ਅਕਾਲੀਆਂ ਨੇ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ਼ ਮੋਰਚਾ ਖੋਲ੍ਹ ਦਿਤਾ ਹੈ। ਅਕਾਲੀ ਦਲ ਨੇ ਕੇਂਦਰੀ ਮੰਤਰੀ ਦੇ ਇਸ ਦਾਅਵੇ ਵਾਲਾ ਵੀਡੀਓ ਸ਼ੇਅਰ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੂੰ ਕਟਹਿਰੇ ਵਿੱਚ ਖੜਾ ਕਰਨਾ ਸ਼ੁਰੂ ਕਰ ਦਿੱਤਾ ਹੈ।

ਓਧਰ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਨੇ ਵੀ ਕੇਂਦਰੀ ਮੰਤਰੀ ਦੇ ਇਸ ਬਿਆਨ ਉੱਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਨੂੰ ਕਿਹਾ ਹੈ। ਆਮ ਆਦਮੀ ਪਾਰਟੀ ਵਲੋਂ ਭਾਵੇਂ ਪਹਿਲਾਂ ਹੀ ਅਕਾਲੀ ਦਲ ਅਤੇ ਕਾਂਗਰਸ ਵਲੋਂ ਇਸ ਮੁੱਦੇ ਉੱਤੇ ਅੰਦਰਖ਼ਾਤੇ ਰਲੇ ਹੋਣ ਦੇ ਦੋਸ਼ ਲੱਗ ਰਹੇ ਸਨ, ਪਰ ਕੇਂਦਰੀ ਮੰਤਰੀ ਵਲੋਂ ਕੈਪਟਨ ਅਮਰਿੰਦਰ ਸਿੰਘ ਦੀ ਸਹਿਮਤੀ ਵਾਲੇ ਬਿਆਨ ਦੇ ਬਾਅਦ ਇਹ ਪਾਰਟੀ ਹੋਰ ਹਮਲਾਵਰ ਹੋ ਕੇ ਅਕਾਲੀ ਦਲ ਦੇ ਨਾਲ-ਨਾਲ ਸੱਤਾਧਾਰੀ ਧਿਰ ਕਾਂਗਰਸ ਵਿਰੁੱਧ ਵੀ ਭੜਕ ਪਈ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਮੰਤਰੀ ਦੇ ਦਾਅਵੇ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਅਸੀਂ ਕਦੇ ਵੀ ਕੇਂਦਰ ਵਲੋਂਲਿਆਂਦੇ ਖੇਤੀ ਅਰਡੀਨੈਂਸ ਦਾ ਸਮਰਥਨ ਨਹੀਂ ਕੀਤਾ। ਉਨ੍ਹਾਂ ਕੇਂਦਰੀ ਮੰਤਰੀ ਦੇ ਇਸ ਦਾਅਵੇ ਦੇ ਖਿਲਾਫ਼ ਰੋਸ ਜਾਹਰ ਕਰਨ ਲਈ ਇੱਕ ਵਫਦ ਨਾਲਗਵਰਨਰ ਨੂੰ ਮਿਲਣ ਦਾ ਐਲਾਨ ਕੀਤਾ ਹੈ।

## ਕਿਸਾਨ ਆਰਡੀਨੈਂਸ ਦਾ ਮੁੱਦਾ:

# ਪਾਰਲੀਮੈਂਟ ਵਿੱਚੋਂ ਬਾਦਲ ਜੋੜੀ ਦੀ ਗ਼ੈਰਹਾਜ਼ਰੀ ਨੂੰ ਭਗਵੰਤ ਮਾਨ ਨੇ ਪੰਜਾਬ ਤੇ ਕਿਸਾਨਾਂ ਨਾਲ ਗ਼ੱਦਾਰੀ ਕਿਹਾ

## * ਕੈਪਟਨ ਅਮਰਿੰਦਰ ਦਾ ਵੀ ਅਸਤੀਫਾ ਮੰਗਿਆ



ਚੰਡੀਗੜ੍ਹ, 14 ਸਤੰਬਰ, (ਪੋਸਟ ਬਿਊਰੋ)-ਕਿਸਾਨ ਵਿਰੋਧੀ ਆਰਡੀਨੈਂਸ ਪੇਸ਼ ਹੋਣਵੇਲੇ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਵੱਲੋਂਪਾਰਲੀਮੈਂਟ ਤੋਂ ਗੈਰ ਹਾਜ਼ਰ ਰਹਿਣ ਨੂੰਆਮ ਆਦਮੀ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਅਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਪੰਜਾਬ ਅਤੇ ਪੰਜਾਬ ਦੇ ਕਿਸਾਨਾਂ-ਮਜ਼ਦੂਰਾਂ ਨਾਲ ਗ਼ੱਦਾਰੀ ਕਿਹਾ ਹੈ।

ਅੱਜ ਏਥੇ ਆਮ ਆਦਮੀ ਪਾਰਟੀ ਦੇ ਸੂਬਾਈ ਹੈੱਡਕੁਆਟਰ ਤੋਂ ਜਾਰੀ ਬਿਆਨ ਰਾਹੀਂ ਭਗਵੰਤ ਮਾਨ ਨੇ ਕਿਹਾ ਕਿ ਜਦੋਂ ਮੋਦੀ ਸਰਕਾਰ ਨੇ ਪਾਰਲੀਮੈਂਟ ਵਿੱਚਕਿਸਾਨ ਵਿਰੋਧੀ ਆਰਡੀਨੈਂਸ ਪੇਸ਼ ਕੀਤਾ, ਓਦੋਂ ਬਤੌਰ ਪਾਰਲੀਮੈਂਟ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇਇਸ ਦਾ ਵਿਰੋਧ ਕਰਨ ਦੀ ਥਾਂ ਗੈਰ ਹਾਜ਼ਰ ਹੋ ਕੇ ਸਿੱਧਾ ਤੇ ਸਪਸ਼ਟ ਰੂਪ ਵਿੱਚ ਆਰਡੀਨੈਂਸਾਂ ਦੇ ਹੱਕ ਵਿੱਚ ਤੇ ਕਿਸਾਨਾਂ ਦੇ ਵਿਰੋਧਦਾ ਪੈਂਤੜਾ ਲਿਆ ਹੈ। ਭਗਵੰਤ ਮਾਨ ਨੇ ਕਿਹਾ ਕਿ ਬਾਦਲ ਜੋੜੀ ਦੀ ਇਸ ਗ਼ੱਦਾਰੀ ਨੂੰ ਕਿਸਾਨੀ ਇਤਿਹਾਸ ਵਿੱਚ ਗੂੜ੍ਹੇ ਕਾਲੇ ਅੱਖਰਾਂ ਵਿੱਚ ਲਿਖਿਆ ਜਾਵੇਗਾ ਤੇ ਪੰਜਾਬ ਸਮੇਤ ਸਾਰੇ ਦੇਸ਼ ਦੇ ਕਿਸਾਨ, ਮਜ਼ਦੂਰ, ਆੜ੍ਹਤੀ, ਪੱਲੇਦਾਰ, ਟਰਾਂਸਪੋਰਟਰ ਅਤੇ ਖੇਤੀ ਉੱਤੇਨਿਰਭਰ ਹੋਰ ਸਾਰੇ ਵਰਗ ਕਦੇ ਮੁਆਫ਼ ਨਹੀਂ ਕਰਨਗੇ। ਮਾਨ ਨੇ ਕਿਹਾ ਕਿ ਖੁਦ ਉਨ੍ਹਾਂ ਨੇ ਇਨ੍ਹਾਂ ਮਾਰੂ ਆਰਡੀਨੈਂਸਾਂ ਦਾ ਜ਼ੋਰਦਾਰ ਵਿਰੋਧ ਕੀਤਾ ਤਾਂ ਸਪੀਕਰ ਨੂੰ ਇਹ ਭਰੋਸਾ ਦੇਣਾ ਪਿਆ ਕਿ ਆਰਡੀਨੈਂਸਾਂ ਉੱਤੇ ਬਹਿਸ ਮੌਕੇ ਆਮ ਆਦਮੀ ਪਾਰਟੀ ਨੂੰ ਪੂਰਾ ਮੌਕਾ ਦਿੱਤਾ ਜਾਵੇਗਾ, ਪਰ ਅਕਾਲੀ ਓਥੇ ਹਾਜ਼ਰ ਹੀ ਨਹੀਂ ਹੋਏ।ਮਾਨ ਨੇ ਕਿਹਾ ਕਿ ਭਾਜਪਾ ਨੂੰ ਬਾਦਲਾਂ ਦੀ ਬਿਲਕੁਲ ਪ੍ਰਵਾਹ ਨਹੀਂ, ਇਸ ਲਈ ਆਰਡੀਨੈਂਸ ਪੇਸ਼ ਕਰਦੇ ਹੋਏ ਭਾਜਪਾ ਨੇ ਬਾਦਲਾਂ ਨੂੰ ਟਿੱਚ ਜਾਣਿਆ ਹੈ।

ਇਸ ਦੌਰਾਨ ਮਾਨ ਨੇ ਕਾਂਗਰਸ ਪਾਰਟੀ ਨੂੰ ਵੀ ਕਟਹਿਰੇ ਵਿੱਚ ਖੜੇ ਕੀਤਾ। ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਵੱਲੋਂ ਆਰਡੀਨੈਂਸਾਂ ਬਾਰੇ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਸਹਿਮਤੀ ਦੀ ਗੱਲਬਾਰੇ ਮਾਨ ਨੇ ਕਿਹਾ ਕਿ ਅਮਰਿੰਦਰ ਸਿੰਘ ਨੇ ਚੁੱਪ ਸਹਿਮਤੀ ਦੇ ਕੇ ਪੰਜਾਬ, ਪੰਜਾਬ ਦੇ ਕਿਸਾਨਾਂ, ਸਰਬ ਪਾਰਟੀ ਮੀਟਿੰਗ ਵਿੱਚਆਈਆਂ ਸਭ ਸਿਆਸੀ ਧਿਰਾਂ ਅਤੇ ਪੰਜਾਬ ਵਿਧਾਨ ਸਭਾ ਦੇ ਪਵਿੱਤਰ ਸਦਨ ਨੂੰ ਗੁੰਮਰਾਹ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਕੇਂਦਰੀ ਖੇਤੀ ਮੰਤਰੀ ਦੇ ਇਸ ਬਿਆਨ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਨੂੰ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।

## ਖੇਤੀ ਆਰਡੀਨੈਂਸਾਂ ਦਾ ਮਾਮਲਾ:

# ਕੇਂਦਰ ਦੇ ਦਾਅਵੇ ਵਿਰੁੱਧ ਮੁੱਖ ਮੰਤਰੀ ਸਮੇਤ ਪੰਜਾਬ ਦੇ ਕਾਂਗਰਸੀ ਆਗੂ ਗਵਰਨਰ ਨੂੰ ਮਿਲਣਗੇ

## * ਮੇਰੇ ਹੁੰਦਿਆਂ ਕਦੇ ਇਹ ਵਿਚਾਰ ਹੀ ਨਹੀਂ ਸੀ ਹੋਈ : ਕੈਪਟਨ

ਚੰਡੀਗੜ੍ਹ, 14 ਸਤੰਬਰ, (ਪੋਸਟ ਬਿਊਰੋ)- ਕਿਸਾਨ ਵਿਰੋਧੀ ਆਰਡੀਨੈਂਸਾਂ ਨੂੰ ਪਾਰਲੀਮੈਂਟ ਵਿੱਚ ਪੇਸ਼ ਕਰਨ ਤੋਂ ਪਹਿਲਾਂ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਨੂੰ ਭਰੋਸੇ ਵਿੱਚ ਲੈਣ ਦੇ ਦਾਅਵੇ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੂਲੋਂ-ਮੁੱਢੋਂ ਰੱਦ ਕੀਤਾ ਹੈ। ਇਸ ਦੇ ਉਲਟ ਉਨ੍ਹਾਂ ਨੇ ਅੱਜ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਨੂੰ ਕਾਨੂੰਨ ਬਣਾਉਣ ਲਈ ਅੱਗੇ ਨਾ ਵਧਣ। ਇਸ ਦੇ ਨਾਲ ਉਨ੍ਹਾਂ ਐਲਾਨ ਕੀਤਾ ਕਿ ਉਹ ਆਪਣੀ ਪਾਰਟੀ ਦੇ 11 ਮੈਂਬਰੀ ਵਫਦ ਨਾਲ ਬੁੱਧਵਾਰ ਨੂੰ ਇਨ੍ਹਾਂ ਖਤਰਨਾਕ ਆਰਡੀਨੈਂਸਾਂ ਵਿਰੁੱਧਗਵਰਨਰਪੰਜਾਬ ਨੂੰ ਮਿਲ ਕੇ ਮੰਗ ਪੱਤਰ ਦੇਣਗੇ। ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਇਸ ਵਫਦ ਵਿੱਚ ਮੁੱਖ ਮੰਤਰੀ ਦੇ ਨਾਲ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ, ਕੁਝ ਮੰਤਰੀ ਅਤੇ ਪਾਰਟੀ ਦੇ ਵਿਧਾਇਕ ਵੀ ਜਾਣਗੇ।

ਵਰਨਣ ਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਗਵਰਨਰ ਕੋਲ ਵਫਦ ਲਿਜਾਣ ਦਾ ਫੈਸਲਾ ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪੰਜਾਬ ਸਮੇਤ ਵੱਖ-ਵੱਖ ਰਾਜਾਂ ਵਿੱਚ ਕਿਸਾਨਾਂ ਦੇ ਭਾਰੀ ਵਿਰੋਧ ਦੇ ਬਾਵਜੂਦ ਤਿੰਨ ਵਿਵਾਦਤ ਆਰਡੀਨੈਂਸਾਂ ਨੂੰ ਕਾਨੂੰਨ ਬਣਾਉਣ ਲਈ ਪਾਰਲੀਮੈਂਟ ਵਿੱਚ ਪੇਸ਼ ਕਰਨ ਪਿੱਛੋਂ ਲਿਆ ਗਿਆ ਹੈ। ਮੁੱਖ ਮੰਤਰੀ ਨੇ ਅੱਜ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਇਨ੍ਹਾਂ ਆਰਡੀਨੈਂਸਾਂ ਦੀ ਪੈਰਵੀ ਨਾ ਕੀਤੀ ਜਾਵੇ ਅਤੇ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਨੂੰ ਕਿਸਾਨਾਂ ਦਾ ਕਾਨੂੰਨੀ ਹੱਕ ਮੰਨਿਆ ਜਾਵੇ। ਇਸ ਮੌਕੇ ਮੁੱਖ ਮੰਤਰੀ ਨੇ ਆਪਣੀ ਸਰਕਾਰ ਵੱਲੋਂ ਇਨ੍ਹਾਂ ਆਰਡੀਨੈਂਸਾਂ ਦੇ ਲਗਾਤਾਰ ਵਿਰੋਧ ਦੀ ਵਚਨਬੱਧਤਾ ਪੇਸ਼ ਕਰਦੇ ਹੋਏ ਇੱਕ ਬਿਆਨ ਵਿੱਚ ਕਿਹਾ ਕਿ ਪੰਜਾਬ ਨੇ ਅਜਿਹੇ ਕਦਮ ਦੀ ਕਦੇ ਹਮਾਇਤ ਨਹੀਂ ਕੀਤੀ, ਜਿਸ ਦਾ ਪ੍ਰਚਾਰ ਕੇਂਦਰ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਚ ਤਾਕਤੀ ਕਮੇਟੀ ਵਿੱਚਮੁੱਖ ਮੰਤਰੀ ਪੰਜਾਬ ਦੇ ਮੈਂਬਰ ਬਣਨ ਮਗਰੋਂ ਹੋਈ ਇੱਕੋ ਇੱਕ ਮੀਟਿੰਗ ਵਿੱਚ ਇਨ੍ਹਾਂ ਆਰਡੀਨੈਂਸਾਂ ਉਤੇ ਇਕ ਵਾਰ ਵੀ ਚਰਚਾ ਨਹੀਂ ਸੀ ਹੋਈ। ਵਰਨਣ ਯੋਗ ਹੈ ਕਿ ਖ਼ੁਰਾਕ ਤੇ ਖਪਤਕਾਰ ਮਾਮਲਿਆਂ ਦੇ ਕੇਂਦਰੀ ਰਾਜ ਮੰਤਰੀ ਰਾਓ ਸਾਹਿਬ ਪਾਟਿਲ ਦਾਨਵੇ ਨੇ ਅੱਜ ਪਾਰਲੀਮੈਂਟ ਵਿੱਚ ਕਿਹਾ ਸੀ ਕਿ ਸਾਰੇ ਮੈਂਬਰ ਰਾਜਾਂ ਵੱਲੋਂ ਸਹਿਮਤੀ ਦੇਣ ਪਿੱਛੋਂ ਹੀ ਖੇਤੀਬਾੜੀ ਬਾਰੇ ਉਚ ਤਾਕਤੀ ਕਮੇਟੀ ਨੇ ਇਨ੍ਹਾਂ ਆਰਡੀਨੈਂਸਾਂ ਦਾ ਫੈਸਲਾ ਕੀਤਾ ਹੈ। ਇਸ ਉੱਤੇ ਪ੍ਰਤੀਕਿਰਿਆ ਦਿੰਦਿਆਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਜਿਸ ਗੁਪਤਤਾ ਨਾਲ ਆਰਡੀਨੈਂਸ ਪੇਸ਼ ਕੀਤੇ ਗਏ, ਉਸ ਤੋਂ ਜ਼ਾਹਰ ਹੈ ਕਿ ਕੇਂਦਰ ਸਰਕਾਰ ਦਾ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਦਾ ਕੋਈ ਇਰਾਦਾ ਨਹੀਂ ਤੇ ਉਹ ਸ਼ਾਂਤਾ ਕੁਮਾਰ ਕਮੇਟੀ ਦੀ ਰਿਪੋਰਟ ਲਾਗੂ ਕਰਨਾ ਚਾਹੁੰਦੀ ਸੀ, ਜਿਸ ਨੇ ਘੱਟੋ-ਘੱਟ ਖਰੀਦ ਕੀਮਤ(ਐਮ ਐਸ ਪੀ) ਨੂੰ ਹੌਲੀ-ਹੌਲੀ ਵਾਪਸ ਲੈਣ ਅਤੇ ਐਫ ਸੀ ਆਈ (ਫੂਡ ਕਾਰਪੋਰੇਸ਼ਨ ਆਫ ਇੰਡੀਆ) ਨੂੰ ਖਤਮ ਕਰਨ ਦੀ ਸਿਫਾਰਸ਼ ਕੀਤੀਸੀ।ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਆਰਡੀਨੈਂਸ ਪੰਜਾਬ ਨੂੰ ਮਨਜ਼ੂਰ ਨਹੀਂ ਹਨ ਤੇ ਖੇਤੀਬਾੜੀ ਦੇ ਰਾਜ ਸਰਕਾਰਾਂ ਦਾ ਵਿਸ਼ਾ ਹੋਣ ਕਰਕੇ ਫੈਡਰਲ ਢਾਂਚੇ ਦੇ ਵੀਖਿਲਾਫ਼ ਹਨ। ਇਸ ਬਾਰੇ ਆਪਣੇ 15 ਜੂਨ ਦੇ ਅਰਧ-ਸਰਕਾਰੀ ਪੱਤਰ ਵੱਲ ਪ੍ਰਧਾਨ ਮੰਤਰੀ ਦਾ ਧਿਆਨ ਦਿਵਾਉਂਦਿਆਂ ਕੈਪਟਨ ਅਮਰਿੰਦਰ ਨੇ ਅੱਜ ਦੇ ਪੱਤਰ ਵਿੱਚ ਕਿਹਾ ਕਿ ਪੰਜਾਬ ਦੇ ਕਿਸਾਨਾਂ ਅਤੇ ਜ਼ਿਆਦਾਤਰ ਰਾਜਨੀਤਕ ਪਾਰਟੀਆਂ ਨੇ ਕੇਂਦਰ ਸਰਕਾਰ ਨੂੰ ਇਹ ਆਰਡੀਨੈਂਸ ਵਾਪਸ ਲੈਣ ਦੀ ਅਪੀਲ ਕੀਤੀ ਹੋਈ ਹੈ, ਕਿਉਂਕਿ ਇਨ੍ਹਾਂ ਆਰਡੀਨੈਂਸਾਂ ਦੇ ਅਮਲ ਨਾਲ ਇਸ ਰਾਜ ਦੇ ਖੇਤੀ ਸੈਕਟਰ ਨੂੰ ਵੱਡੀ ਸੱਟ ਵੱਜੇਗੀ।' ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਨੇ ਬੀਤੀ 28 ਅਗਸਤਨੂੰ ਆਪਣੇ ਸੈਸ਼ਨ ਵਿੱਚ ਇਨ੍ਹਾਂ ਆਰਡੀਨੈਂਸਾਂ ਨੂੰ ਵਾਪਸ ਲੈਣ ਅਤੇ ਕਿਸਾਨਾਂ ਦਾ ਕਾਨੂੰਨੀ ਹੱਕ ਮੰਨ ਕੇ ਘੱਟੋ ਘੱਟ ਸਮਰਥਨ ਮੁੱਲ ਉਤੇ ਖਰੀਦ ਜਾਰੀ ਰੱਖਣ ਨੂੰ ਯਕੀਨੀ ਬਣਾਉਣ ਦਾ ਮਤਾ ਵੀ ਪਾਸ ਕੀਤਾ ਸੀ। ਭਾਰਤ ਦੇਸ਼ ਨੂੰ ਖੁਰਾਕ ਸੁਰੱਖਿਆ ਦੇਣ ਲਈ ਪੰਜਾਬ ਦੇ ਕਿਸਾਨਾਂ ਦੀਆਂ ਸੇਵਾਵਾਂ ਦਾ ਹਵਾਲਾ ਦੇ ਕੇ ਉਨ੍ਹਾ ਕਿਹਾ ਕਿ ਇਨ੍ਹਾਂ ਕਿਸਾਨਾਂ ਨੂੰ ਨਰਿੰਦਰ ਮੋਦੀ ਦੀ ਕੇਂਦਰ ਸਰਕਾਰ ਤੋਂ ਵੱਡੀਆਂ ਆਸਾਂ ਹਨ। ਉਨ੍ਹਾਂ ਕਿਹਾ, 'ਮੈਨੂੰ ਯਕੀਨ ਹੈ ਕਿ ਤੁਸੀਂ ਸਾਡੀਆਂ ਚਿੰਤਾਵਾਂ ਦੀ ਕਦਰ ਕਰੋਗੇ ਤੇ ਦੇਸ਼ ਅਤੇ ਖਾਸ ਕਰਕੇ ਪੰਜਾਬ ਦੇ ਲੱਖਾਂ ਛੋਟੇ ਤੇ ਸੀਮਾਂਤ ਕਿਸਾਨਾਂ ਦੀ ਭਲਾਈ ਖਾਤਰ ਇਨ੍ਹਾਂ ਆਰਡੀਨੈਂਸਾਂ ਦੀ ਮੁੜ ਸਮੀਖਿਆ ਕਰੋਗੇ।'

ਇਸ ਦੌਰਾਨ ਪਾਰਲੀਮੈਂਟ ਦੇ ਉਤਲੇ ਹਾਊਸ ਰਾਜ ਸਭਾ ਵਿਚ ਪੰਜਾਬ ਦੇ ਕਾਂਗਰਸੀ ਮੈਂਬਰਾਂ ਪ੍ਰਤਾਪ ਸਿੰਘ ਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋ ਨੇ ਅੱਜ ਸੋਮਵਾਰ ਦੁਪਹਿਰ ਪਾਰਲੀਮੈਂਟ ਕੰਪਲੈਕਸ ਮੂਹਰੇ ਖੇਤੀ ਆਰਡੀਨੈਂਸਾਂ ਦੇ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਦੇ ਹੱਥਾਂ ਵਿੱਚਫੜੇ ਬੈਨਰਾਂਉੱਤੇ 'ਭਾਰਤ ਦੇ ਕਿਸਾਨਾਂ ਨੂੰ ਬਚਾਓ, ਕਿਸਾਨ ਵਿਰੋਧੀ ਆਰਡੀਨੈਂਸਾਂ ਨੂੰ ਰੱਦ ਕਰੋ' ਲਿਖਿਆ ਸੀ। ਦੋਵੇਂ ਪਾਰਲੀਮੈਂਟ ਮੈਂਬਰ ਦੇਸ਼ ਦੀਆਂ ਕਿਸਾਨ ਜਥੇਬੰਦੀਆਂ ਦੇ ਸਮਰਥਨ ਵਿੱਚ ਓਥੇ ਖੜੋਤੇ ਸਨ, ਜਿਹੜੀਆਂ ਕੇਂਦਰ ਸਰਕਾਰ ਦੇ ਆਰਡੀਨੈਂਸਾਂ ਦਾ ਵਿਰੋਧ ਕਰ ਰਹੀਆਂ ਹਨ, ਜਿਨ੍ਹਾਂ ਨਾਲ ਖੇਤੀ ਫਸਲਾਂ ਲਈ ਖੁੱਲ੍ਹੀਆਂ ਮੰਡੀਆਂ ਕਾਇਮ ਕੀਤੀਆਂ ਜਾਣੀਆਂ ਹਨ। ਇਸ ਮੌਕੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸਰਕਾਰ ਦਾ ਇਰਾਦਾ ਕਿਸਾਨਾਂ ਦੇ ਅਧਿਕਾਰਾਂ ਨੂੰ ਮਜ਼ਬੂਤ ਕਰਨਾ ਨਹੀਂ, ਅਸਿੱਧੇ ਢੰਗ ਨਾਲ ਘੱਟੋ-ਘੱਟ ਸਮਰਥਨ ਮੁੱਲ ਦਾ ਸਿਸਟਮ ਖਤਮ ਕਰਨਾ ਹੈ।

# ਪਿੰਡ ਪਿੰਡ ਘੁੰਮ ਕੇ ਲੋਕਾਂ ਨੂੰ ਠੱਗਣ ਵਾਲਾ ਨੌਸਰਬਾਜ਼ ਜੋੜਾ ਫੜਿਆ

ਜਲੰਧਰ, 14 ਸਤੰਬਰ (ਪੋਸਟ ਬਿਊਰੋ)- ਕੱਲ੍ਹ ਜਲੰਧਰ ਨੇੜਲੇ ਪਿੰਡ ਫੋਲੜੀਵਾਲ ਵਿੱਚ ਪਿੰਡ ਦੇ ਕੁਝ ਲੋਕਾਂ ਨੂੰ ਸਰਕਾਰੀ ਦਸਤਾਵੇਜ਼ ਬਣਾ ਕੇ ਦੇਣ ਦੇ ਨਾਂਅ ਉੱਤੇ ਠੱਗੀ ਮਾਰਨ ਵਾਲੇ ਪਤੀ-ਪਤਨੀ ਨੂੰ ਲੋਕ ਇਨਸਾਫ ਪਾਰਟੀ ਦੀ ਸਹਾਇਤਾ ਨਾਲ ਕਾਬੂ ਕਰ ਕੇ ਪੁਲਸ ਹਵਾਲੇ ਕਰ ਦਿੱਤਾ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਲੋਕ ਇਨਸਾਫ ਪਾਰਟੀ ਦੇ ਜ਼ਿਲਾ ਜਨਰਲ ਸੈਕਟਰੀ ਦਵਿੰਦਰ ਵਿਰਦੀ ਨੇ ਦੱਸਿਆ ਹੈ ਕਿ ਪਿੰਡ ਬੁਢਿਆਣਾ ਤੋਂ ਸਰਬਜੀਤ ਕੌਰ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਉਨ੍ਹਾਂ ਨੂੰ ਇੱਕ ਇੰਸ਼ੋਰੈਂਸ ਕੰਪਨੀ ਦਾ ਕਰਿੰਦਾ ਫੋਨ ਉੱਤੇ ਧਮਕੀਆਂ ਦੇਂਦਾ ਹੈ। ਉਹ ਆਪਣੀ ਪਤਨੀ ਨਾਲ ਮਿਲ ਕੇ ਸਰਕਾਰੀ ਦਸਤਾਵੇਜ਼ਾਂ ਦੇ ਨਾਂਅ ਉੱਤੇ ਕਈ ਲੋਕਾਂ ਨੂੰ ਠੱਗ ਚੁੱਕਾ ਹੈ। ਸਰਬਜੀਤ ਨੇ ਦੱਸਿਆ ਕਿ ਲਾਕਡਾਊਨ ਤੋਂ ਪਹਿਲਾਂ ਉਨ੍ਹਾਂ ਨੇ ਆਧਾਰ ਕਾਰਡ ਉੱਤੇ ਨਾਂਅ ਸਹੀ ਕਰਾਉਣ ਲਈ ਏਜੰਟ ਵਿਜੇ ਕੁਮਾਰ ਨੂੰ ਆਧਾਰ ਕਾਰਡ ਦਿੱਤਾ ਸੀ। ਵਿਜੇ ਨੇ ਉਸ ਤੋਂ ਇੱਕ ਹਜ਼ਾਰ ਰੁਪਏ ਮੰਗੇ ਸਨ, ਪਰ ਉਨ੍ਹਾਂ ਸਿਰਫ 200 ਰੁਪਏ ਦਿੱਤੇ। ਫਿਰ ਉਹ ਏਜੰਟ ਉਨ੍ਹਾਂ ਨੂੰ ਕਦੇ ਨਹੀਂ ਮਿਲਿਆ। ਜਦ ਉਸ ਨੂੰ ਫੋਨ ਕੀਤਾ ਤਾਂ ਉਸ ਨੇ ਧਮਕਾਉਣਾ ਸ਼ੁਰੂ ਕਰ ਦਿੱਤਾ ਅਤੇ ਕਿਹਾ ਕਿ ਉਸ ਨੇ ਉਨ੍ਹਾਂ ਦੀ ਇੰਸ਼ੋਰੈਂਸ਼ ਕੀਤੀ ਹੈ, ਜਿਸ ਦੇ ਲਈ ਉਸ ਨੇ ਪੰਜਾਹ ਹਜ਼ਾਰ ਰੁਪਏ ਦੀ ਮੰਗ ਕੀਤੀ।

ਇਸੇ ਤਰ੍ਹਾਂ ਪਿੰਡ ਫੋਲੜੀਵਾਲ ਦੀ ਕਸ਼ਮੀਰ ਕੌਰ ਨੇ ਦੱਸਿਆ ਕਿ ਉਸ ਨੇ ਬੱਚੇ ਦਾ ਜਨਮ ਸਰਟੀਫਿਕੇਟ ਠੀਕ ਕਰਵਾਉਣ ਲਈ ਏਜੰਟ ਵਿਜੇ ਨੂੰ ਦਿੱਤਾ ਸੀ। ਉਸ ਦੇ 500 ਰੁਪਏ ਵੀ ਦਿੱਤੇ ਸਨ। ਬੀਤੇ ਦਿਨੀਂ ਉਸ ਦੀ ਘਰ ਦੀ ਛੱਤ ਡਿੱਗ ਗਈ ਤਾਂ ਏਜੰਟ ਨੇ ਉਨ੍ਹਾਂ ਨੂੰ ਛੱਤ ਦਾ ਮੁਆਵਜ਼ਾ ਦਿਵਾਉਣ ਦੇ ਨਾਂਅ ਉੱਤੇ 12 ਹਜ਼ਾਰ ਠੱਗ ਲਏ ਸਨ।

ਏ ਐਸ ਆਈ ਜਸਵੀਰ ਚੰਦ ਨੇ ਕਿਹਾ ਕਿ ਏਜੰਟ ਨੂੰ ਫੜ ਕੇ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ ਇੰਸ਼ੋਰੈਂਸ਼ ਦੇ ਕਾਗਜ਼ਾਤ ਹੀ ਮਿਲੇ ਹਨ ਤੇ ਇੱਕ ਵਿਅਕਤੀ ਪੈਸੇ ਉਸ ਨੂੰ ਵਾਪਸ ਦਿਵਾ ਦਿੱਤੇ ਹਨ। ਪਿੰਡ ਚੁਗਿੱਟੀ ਦੀ ਪਰਮਜੀਤ ਕੌਰ ਨੇ ਕਿਹਾ ਕਿ ਡੇਢ ਸਾਲ ਪਹਿਲਾਂ ਉਸ ਨੇ ਇਸ ਏਜੰਟ ਨੂੰ ਆਧਾਰ ਕਾਰਡ ਬਣਵਾਉਣ ਦੇ ਲਈ 500 ਰੁਪਏ ਦਿੱਤੇ ਸਨ, ਪਰ ਕਾਰਡ ਨਹੀਂ ਬਣਿਆ। ਇਹ ਪੂਰਾ ਕੇਸ ਪੀੜਤਾਂ ਨੇ ਦਵਿੰਦਰ ਸਿੰਘ ਦੇ ਧਿਆਨ ਵਿੱਚ ਲਿਆਂਦਾ ਤਾਂ ਉਨ੍ਹਾਂ ਨੇ ਪੁਲਸ ਤੋਂ ਮਦਦ ਮੰਗੀ। ਇਸ ਦੇ ਬਾਅਦ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ।




Paramjit Deol
Broker

CELL: 416-993-7378
7071 Airport Rd, Suit 201, Mississauga, ON




1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"


**Mississauga $749,000**

7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.


**Vaughan $499,000**

3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.


**MISSISSAUGA $299,000**
Photo Not Available
7885 Tranmere Dr:Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.


**Mississauga $749,000**

7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.


**Oshawa $659,000**
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.


**Brampton $1,900,000**
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.


**Brampton $749,000**

Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.


**Barrie $769,000**

Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਭਰਾ ਨਾਲ ਮਿਲ ਕੇ ਪਤੀ ਮਾਰਿਆ, ਖੁਦਕੁਸ਼ੀ ਬਣਾਉਣ ਲਈ ਪੱਖੇ ਨਾਲ ਟੰਗ'ਤਾ

ਅੰਮ੍ਰਿਤਸਰ, 14 ਸਤੰਬਰ (ਪੋਸਟ ਬਿਊਰੋ)- ਇੱਕ ਔਰਤ ਨੇ ਪਹਿਲਾਂ ਆਪਣੇ ਭਰਾ ਦੇ ਨਾਲ ਮਿਲ ਕੇ ਪਤੀ ਦੀ ਹੱਤਿਆ ਕੀਤੀ ਤੇ ਫਿਰ ਉਸ ਨੂੰ ਖੁਦਕੁਸ਼ੀ ਦਾ ਰੂਪ ਦੇਣ ਲਈ ਲਾਸ਼ ਪੱਖੇ ਨਾਲ ਲਟਕਾ ਦਿੱਤੀ। ਇਸ ਦਾ ਭੇਦ ਓਦੋਂ ਖੁੱਲ੍ਹਾ, ਜਦੋਂ ਮ੍ਰਿਤਕ ਦਾ ਭਰਾ ਆਇਆ ਅਤੇ ਉਸ ਨੇ ਲਾਸ਼ ਦੇ ਪੈਰ ਜ਼ਮੀਨ ਉੱਤੇ ਲੱਗੇ ਦੇਖੇ।

ਇਸ ਬਾਰੇ ਜਗਦੀਪ ਸਿੰਘ ਪਿੰਡ ਮੋਹਨ ਭੰਡਾਰੀਆ ਨੇ ਦੱਸਿਆ ਕਿ ਉਸ ਦੇ ਭਰਾ ਰਣਦੀਪ ਸਿੰਘ ਅਤੇ ਉਸ ਦੀ ਪਤਨੀ ਪਰਮਜੀਤ ਕੌਰ ਵਿੱਚ ਅਕਸਰ ਝਗੜਾ ਰਹਿੰਦਾ ਸੀ। ਇਸੇ ਕਾਰਨ ਉਸ ਦੀ ਭਰਜਾਈ ਆਪਣੇ ਬੱਚਿਆਂ ਨਾਲ ਪੇਕੇ ਪਿੰਡ ਤੰਦੋਂਵਾਲੀ ਚਲੀ ਗਈ ਸੀ। ਸਮਝੌਤਾ ਕਰਨ ਦੇ ਲਈ ਉਸ ਦਾ ਭਰਾ ਸਹੁਰੇ ਗਿਆ ਅਤੇ ਭਰਜਾਈ ਨੂੰ ਘਰ ਚੱਲਣ ਲਈ ਕਿਹਾ, ਪਰ ਉਹ ਨਹੀਂ ਮੰਨੀ। 11 ਸਤੰਬਰ ਰਾਤ ਉਸ ਦੀ ਭਰਜਾਈ ਆਪਣੇ ਬੱਚਿਆਂ, ਆਪਣੀ ਭੈਣ ਨੀਤੂ ਤੇ ਭਰਾ ਸੋਨੂੰ ਨਾਲ ਘਰ ਆ ਗਈ। ਭਰਜਾਈ ਦੇ ਭਰਾ ਸੋਨੂੰ ਨੇ ਕਿਹਾ ਕਿ ਸੁਲ੍ਹਾ ਹੋ ਗਈ ਹੈ, ਠੇਕੇ ਤੋਂ ਸ਼ਰਾਬ ਦੀ ਬੋਤਲ ਲੈ ਆਓ। ਉਹ ਸ਼ਰਾਬ ਲੈਣ ਚਲਾ ਗਿਆ। ਜਦ ਵਾਪਸ ਮੁੜਿਆ ਤਾਂ ਉਸ ਦੇ ਭਰਾ ਦੀ ਲਾਸ਼ ਪੱਖੇ ਨਾਲ ਲਟਕ ਰਹੀ ਸੀ। ਉਹ ਕਹਿਣ ਲੱਗੇ ਕਿ ਉਸ ਦੇ ਭਰਾ ਨੇ ਖੁਦਕੁਸ਼ੀ ਕੀਤੀ ਹੈ। ਰਣਦੀਪ ਸਿੰਘ ਦੀਆਂ ਦੋਵੇਂ ਲੱਤਾਂ ਜ਼ਮੀਨ ਦੇ ਨਾਲ ਲੱਗੀਆਂ ਹੋਈਆਂ ਸਨ ਜਿਸ ਤੋਂ ਸਾਫ ਜ਼ਾਹਿਰ ਸੀ ਕਿ ਉਸ ਨੇ ਖੁਦਕੁਸ਼ੀ ਨਹੀਂ ਕੀਤੀ।

ਥਾਣਾ ਝੰਡੇਰ ਦੇ ਐਸ ਐਚ ਓ ਅਵਤਾਰ ਸਿੰਘ ਮੌਕੇ ਉੱਤੇ ਪਹੁੰਚੇ ਅਤੇ ਮਾਮਲੇ ਦੀ ਜਾਂਚ ਕਰਨ ਉੱਤੇ ਪਾਇਆ ਕਿ ਰਣਦੀਪ ਸਿੰਘ ਦੀ ਹੱਤਿਆ ਕਰ ਕੇ ਇਸ ਨੂੰ ਖੁਦਕੁਸ਼ੀ ਦਿਖਾਉਣ ਲਈ ਲਾਸ਼ ਨੂੰ ਪੱਖੇ ਨਾਲ ਲਟਕਾਇਆ ਗਿਆ ਹੈ। ਪੁਲਸ ਨੇ ਕਤਲ ਦਾ ਕੇਸ ਦਰਜ ਕਰ ਲਿਆ ਹੈ। ਦੋਸ਼ੀ ਪੁਲਸ ਦੇ ਪੁੱਜਣ ਤੱਕ ਫਰਾਰ ਹੋ ਗਏ ਸਨ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

BOBBY SIDHU
partner
(Serving the Community for Over 16 yrs.)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ■ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca





NEW CONDOS COMING SOON
Beautiful nature, luxurious amenities, a rooftop lifestyle park, close to urban conveniences, in vibrant downtown Mississauga.
Starting From $440,900
FREE ASSIGNMENT
PERMISSION TO LEASE DURING OCCUPANCY
CAPPED DEVELOPMENT CHARGERS
QUICK FACTS
Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites
EXTENDED DEPOSIT STRUCTURE
$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy

Residential
Commercial
Investment
Century 21 President Realty Inc Brokerage* Independently Owned and Operated.
Grewalhomes.com
Jagdish Grewal
Sales Representative
416 877-6464
or E-mail Jagdish@grewalhomes.com

# ਤਾਰ-ਤਾਰ ਹੁੰਦਾ ਰਿਸ਼ਤਿਆਂ ਦਾ ਤਾਣਾ-ਬਾਣਾ

-ਸਿਮਰਜੀਤ ਕੌਰ-

ਸਮਾਜ ਵਿੱਚ ਕੁਝ ਇਹੋ ਜਿਹੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ, ਜਿਨਾਂ ਦਾ ਅਸਰ ਸਾਡੇ ਦਿਲੋ-ਦਿਮਾਗ ਉਤੇ ਡੂੰਘਾ ਉਕਰ ਜਾਂਦਾ ਹੈ। ਇੱਕ ਅਮੀਰ ਪਰਵਾਰ ਦੇ ਬੱਚਿਆਂ ਵੱਲੋਂ ਠੁਕਰਾਈ ਹੋਈ ਬਜ਼ੁਰਗ ਔਰਤ ਦੀ ਸਿਰ ’ਚ ਕੀੜੇ ਪੈ ਕੇ ਦਿਲ ਦਹਿਲਾਉਣ ਵਾਲੀ ਹਾਲਤ ’ਚ ਮੌਤ ਦੀ ਘਟਨਾ ਪਿਛਲੇ ਦਿਨੀਂ ਸੁਰਖੀਆਂ ਵਿੱਚ ਰਹੀ ਹੈ। ਟੀ ਵੀ ਅਤੇ ਸੋਸ਼ਲ ਮੀਡੀਆ ’ਤੇ ਵਾਰ-ਵਾਰ ਇਹ ਖਬਰ ਪ੍ਰਸਾਰਿਤ ਹੋਣ ਕਾਰਨ ਇਸ ਨੇ ਮੇਰੇ ਮਨ ’ਤੇ ਵੀ ਬੜਾ ਅਸਰ ਪਾਇਆ।

ਉਸ ਬਜ਼ੁਰਗ ਔਰਤ ਦੀ ਹਾਲਤ ਵੇਖ ਕੇ ਮੈਨੂੰ ਆਪਣੀ ਮਰਹੂਮ ਦਾਦੀ ਸੱਸ ਵਾਰ-ਵਾਰ ਚੇਤੇ ਆਉਣ ਲੱਗ ਪਈ ਸੀ। ਜਦ ਮੇਰਾ ਵਿਆਹ ਹੋਇਆ ਤਾਂ ਆਪਣੇ ਸਹੁਰਾ ਪਰਵਾਰ ਦੇ ਮੈਂਬਰਾਂ ਦੇ ਸੁਭਾਅ ਬਾਰੇ ਮੇਰੇ ’ਚ ਇੱਕ ਅਜੀਬ ਕਿਸਮ ਦਾ ਤੌਖਲਾ ਸੀ। ਮੈਨੂੰ ਇੰਨਾ ਕੁ ਪਤਾ ਲੱਗ ਗਿਆ ਸੀ ਕਿ ਮੇਰੀ ਦਾਦੀ ਸੱਸ ਬੜੀ ਅੱਖੜ ਸੁਭਾਅ ਦੀ ਮਾਲਕਣ ਹੈ। ਮੇਰਾ ਡਰ ਵਾਜਬ ਵੀ ਸੀ, ਕਿਉਂਕਿ ਮੈਨੂੰ ਸੱਸ ਦੇ ਨਾਲ ਉਸ ਦੀ ਸੱਸ ਦਾ ਵੀ ਸਾਹਮਣਾ ਕਰਨਾ ਪੈਣਾ ਸੀ। ਮਨ ’ਚ ਧੁੜਕੂ ਵੀ ਸੀ ਕਿ ਕੀ ਮੈਂ ਉਨ੍ਹਾਂ ਦੇ ਮਨ ਦੇ ਮੇਚ ਦੀ ਸਾਬਤ ਹੋ ਸਕਾਂਗੀ ਕਿ ਨਹੀਂ? ਮੇਰੀ ਦਾਦੀ ਸੱਸ ਦੀ ਉਮਰ ਉਦੋਂ ਬਿਆਸੀ ਸਾਲ ਦੀ ਸੀ, ਪਰ ਉਹ ਸਰੀਰਕ ਹੀ ਨਹੀਂ, ਮਾਨਸਿਕ ਰੂਪ ਤੋਂ ਵੀ ਨੌਂ-ਬਰ-ਨੌਂ ਸੀ। ਉਸ ਨੇ ਘਰ ’ਚ ਆਪਣਾ ਪੂਰਾ ਦਬਦਬਾ ਕਾਇਮ ਰੱਖਿਆ ਹੋਇਆ ਸੀ। ਗਲੀ-ਮੁਹੱਲੇ ਦੇ ਲੋਕ ਵੀ ਉਸ ਦੀ ਸਲਾਹ ਨਾਲ ਕੰਮ ਕਰਦੇ ਸਨ। ਕੁਝ ਦਿਨਾਂ ਵਿੱਚ ਹੀ ਮੈਨੂੰ ਪਤਾ ਲੱਗਾ ਕਿ ਉਹ ਥੋੜਾ-ਬਹੁਤ ਪੜ੍ਹਨਾ-ਲਿਖਣਾ ਜਾਣਦੀ ਹੈ। ਰੋਜ਼ ਅਖਬਾਰ ਪੜ੍ਹਦੀ ਹੋਣ ਕਾਰਨ ਉਹ ਲਗਭਗ ਸਾਰੇ ਮਸਲਿਆਂ ਬਾਰੇ ਜਾਣਕਾਰੀ ਰੱਖਦੀ ਸੀ। ਕਈ ਵਾਰ ਕੋਈ ਇਹੋ ਜਿਹੀ ਭਵਿੱਖਬਾਣੀ ਕਰ ਦਿੰਦੀ ਜੋ ਛੇਤੀ ਹੀ ਸੱਚੀ ਸਾਬਤ ਹੋ ਜਾਂਦੀ ਸੀ। ਥੋੜ੍ਹੇ ਦਿਨਾਂ ਵਿੱਚ ਹੀ ਉਹ ਮੇਰੇ ਨਾਲ ਪੂਰੀ ਤਰ੍ਹਾਂ ਘੁਲ-ਮਿਲ ਗਈ। ਮੈਨੂੰ ਉਸ ਦਾ ਸਾਥ ਆਪਣੀ ਸਕੀ ਦਾਦੀ ਵਰਗਾ ਮਹਿਸੂਸ ਹੋਣ ਲੱਗ ਪਿਆ ਸੀ। ਭਾਵੇਂ ਕਿ ਮੈਂ ਆਰਟ ਅਤੇ ਕਰਾਫਟ ਅਧਿਆਪਕਾ ਲੱਗ ਕੇ ਪੂਰੀ ਤਰ੍ਹਾਂ ਖੁਸ਼ ਸਾਂ, ਪਰ ਉਸ ਨੇ ਮੈਨੂੰ ਆਖਣਾ ਸ਼ੁਰੂ ਕਰ ਦਿੱਤਾ ਕਿ ਤੂੰ ਬੀ ਐਡ ਕਰ ਕੇ ਤਰੱਕੀ ਜ਼ਰੂਰ ਕਰਨੀ ਹੈ। ਮੈਂ ਹੈਰਾਨ ਸਾਂ ਕਿ ਉਸ ਅੱਧ-ਪੜ੍ਹ ਜਿਹੀ ਔਰਤ ਨੂੰ ਸਾਡੇ ਮਹਿਕਮੇ ਬਾਰੇ ਇੰਨਾ ਡੂੰਘਾ ਗਿਆਨ ਕਿਵੇਂ ਹਾਸਲ ਸੀ।

ਮੇਰੀ ਹੈਰਾਨੀ ਭਾਂਪ ਕੇ ਮੇਰੇ ਪਤੀ ਨੇ ਮੈਨੂੰ ਦੱਸਿਆ ਕਿ ਉਹ ਆਪਣੇ ਬੀ ਐਸ ਸੀ ਦੀ ਤੀਜੇ ਸਾਲ ਦੇ ਪੇਪਰ ਦੇ ਕੇ ਕਲਕੱਤੇ ਚਲੇ ਗਏ ਸਨ। ਇਸ ਮਗਰੋਂ ਉਨ੍ਹਾਂ ਦਾ ਨਤੀਜਾ ਆ ਗਿਆ। ਮੇਰੀ ਦਾਦੀ ਸੱਸ ਨੇ ਵਾਰ-ਵਾਰ ਫੋਨ ਕਰ ਕੇ ਉਨ੍ਹਾਂ ਨੂੰ ਘਰ ਵਾਪਸ ਬੁਲਾ ਲਿਆ ਸੀ। ਇਹੀ ਨਹੀਂ, ਉਹ ਖੁਦ ਉਨ੍ਹਾਂ ਦਾ ਨਤੀਜਾ ਕਾਰਡ ਕਾਲਜ ਤੋਂ ਲੈ ਕੇ ਆਉਣ ਦੇ ਨਾਲ ਬੀ ਐਡ ਦੇ ਫਾਰਮ ਲੈ ਆਈ ਸੀ। ਕਲਕੱਤੇ ਤੋਂ ਵਾਪਸ ਆਉਂਦਿਆਂ ਨੂੰ ਦਾਦੀ ਸੱਸ ਨੇ ਮੇਰੇ ਪਤੀ ਨੂੰ ਬੀ ਐਡ ਦੀ ਤਿਆਰੀ ਦਾ ਹੁਕਮ ਚਾੜ੍ਹ ਦਿੱਤਾ ਸੀ, ਜਿਸ ਨੂੰ ਟਾਲਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਮੇਰੀ ਦਾਦੀ ਸੱਸ ਦੀ ਕਰੜਾਈ ਕਾਰਨ ਹੀ ਮੇਰੇ ਪਤੀ ਬੀ ਐਡ ਕਰ ਕੇ ਗਣਿਤ ਅਧਿਆਪਕ ਨਿਯੁਕਤ ਹੋਏ ਸਨ।

ਮੇਰੇ ਲਈ ਇਹ ਗੱਲਾਂ ਬੜੀਆਂ ਹੈਰਾਨੀ ਭਰੀਆਂ ਸਨ। ਕੁਝ ਦਿਨਾਂ ਵਿੱਚ ਮੈਂ ਵੇਖਿਆ ਕਿ ਮੇਰੀ ਦਾਦੀ ਸੱਸ ਆਪਣੇ ਪੜ-ਪੋਤਿਆਂ ਦੀ ਪੜ੍ਹਾਈ-ਲਿਖਾਈ ਪ੍ਰਤੀ ਕਿੰਨੀ ਚਿੰਤਤ ਸੀ? ਉਸ ਨੂੰ ਪਰਾਰ ਦੇ ਹਰ ਬੱਚੇ ਤਾਂ ਕੀ, ਆਂਢ ਗੁਆਂਢ ਦੇ ਬੱਚਿਆਂ ਬਾਰੇ ਵੀ ਜਾਣਕਾਰੀ ਸੀ ਕਿ ਉਹ ਪੜ੍ਹਾਈ ਵੱਲ ਧਿਆਨ ਦੇ ਰਿਹਾ ਹੈ ਜਾਂ ਨਹੀਂ। ਉਸ ਨੂੰ ਵੇਖ ਕੇ ਮੈਨੂੰ ਕਿਸੇ ਦੀ ਆਖੀ ਗੱਲ ਚੇਤੇ ਆ ਰਹੀ ਸੀ ਕਿ ਇੱਕ ਲੜਕੇ ਦੇ ਪੜ੍ਹਨ ਨਾਲ ਇੱਕ ਜਣਾ ਹੀ ਪੜ੍ਹਦਾ ਹੈ, ਪਰ ਲੜਕੀ ਦੇ ਪੜ੍ਹਨ ਨਾਲ ਕਈ ਪਰਵਾਰ ਪੜ੍ਹ ਜਾਂਦੇ ਹਨ। ਮੇਰੀ ਦਾਦੀ ਸੱਸ ਨੇ ਮੈਨੂੰ ਬੀ ਐਡ ਕਰਨ ਦਾ ਹੁਕਮ ਸੁਣਾ ਦਿੱਤਾ। ਉਸੇ ਸਾਲ ਜਦ ਮੈਨੂੰ ਬੀ ਐਡ ਦਾ ਦਾਖਲਾ ਮਿਲ ਗਿਆ ਤਾਂ ਉਸ ਨੇ ਘਰ ਦਾ ਸਾਰਾ ਕੰਮ ਆਪਣੇ ਮੋਢਿਆਂ ਉਤੇ ਚੁੱਕ ਲਿਆ। ਉਸ ਨੇ ਟੱਬਰ ਦੇ ਬਾਕੀ ਜੀਆਂ ਨੂੰ ਹਦਾਇਤ ਕਰ ਦਿੱਤੀ ਕਿ ਇਸ ਸਮੇਂ ਦੌਰਾਨ ਮੈਨੂੰ ਕੋਈ ਵੀ ਵਾਧੂ ਕੰਮ ਨਹੀਂ ਕਹਿਣਾ। ਇਹੀ ਕਾਰਨ ਸੀ ਕਿ ਮੈਂ ਘਰੇਲੂ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਕੇ ਆਰਾਮ ਨਾਲ ਪੜ੍ਹਾਈ ਕਰਦੀ ਰਹੀ।



ਭਾਵੇਂ ਮੇਰੀ ਦਾਦੀ ਸੱਸ ਅੱਡ ਸੀ ਤੇ ਸਾਡੇ ਵਿੱਚ ਨਹੀਂ ਹੈ, ਪਰ ਉਸ ਦਾ ਪਰਵਾਰ ਪ੍ਰਤੀ ਮੋਹ, ਪਿਆਰ, ਤਿਆਗ, ਤਾਂਘ ਅਤੇ ਜਜ਼ਬਾ ਚੇਤੇ ਕਰ ਕੇ ਮੇਰੀਆਂ ਅੱਖਾਂ ਅੱਜ ਵੀ ਭਰ ਆਉਂਦੀਆਂ ਹਨ। ਉਹ ਔਰਤ, ਜਿਸ ਤੋਂ ਮੈਂ ਡਰਦੀ ਰਹੀ ਸਾਂ, ਉਹੀ ਮੈਨੂੰ ਅਗਲੇਰੀ ਪੜ੍ਹਾਈ ਲਈ ਪ੍ਰੇਰਿਤ ਕਰ ਕੇ ਮੇਰੀ ਮਹਿਕਮੇ ਵਿੱਚ ਤਰੱਕੀ ਦਾ ਵੱਡਾ ਕਾਰਕ ਤੇ ਕਾਰਨ ਬਣੀ ਸੀ। ਅੱਜ ਮੈਂ ਜੋ ਵੀ ਹਾਂ, ਉਹ ਉਸ ਦਾਨਿਸ਼ਮੰਦ ਬਜ਼ੁਰਗ ਔਰਤ ਦੀਆਂ ਅਸੀਸਾਂ ਅਤੇ ਛੱਤਰ-ਛਾਇਆ ਸਦਕਾ ਹਾਂ। 93 ਸਾਲ ਦੀ ਉਮਰ ਭੋਗ ਕੇ ਜਦ ਉਹ ਇਸ ਫਾਨੀ ਸੰਸਾਰ ਤੋਂ ਰੁਖਸਤ ਹੋਈ ਤਾਂ ਮੈਨੂੰ ਇੰਵ ਜਾਪਿਆ ਸੀ ਜਿਵੇਂ ਮੇਰੇ ਸਰੀਰ ਦਾ ਕੋਈ ਅੰਗ ਮੇਰੇ ਤੋਂ ਵੱਖ ਹੋ ਗਿਆ ਹੋਵੇ। ਆਪਣਾ ਆਪ ਸੰਭਾਲਣ ’ਚ ਮੈਨੂੰ ਕਈ ਮਹੀਨੇ ਲੱਗ ਗਏ ਸਨ।

ਇਹ ਅਟੱਲ ਸੱਚਾਈ ਹੈ ਕਿ ਸਾਰੇ ਬਜ਼ੁਰਗ ਆਪਣੇ ਪਰਵਾਰ ਦੀ ਤਰੱਕੀ ਤੇ ਖੁਸ਼ਹਾਲੀ ਵੇਖਣਾ ਚਾਹੁੰਦੇ ਹੁੰਦੇ ਹਨ। ਮੈਂ ਉਸ ਬਜ਼ੁਰਗ ਔਰਤ ਦੀ ਮਾਨਸਿਕ ਹਾਲਤ ਵਾਰ-ਵਾਰ ਚਿਤਵ ਰਹੀ ਹਾਂ ਜਿਸ ਦੀ ਮੌਤ ਬੜੇ ਹੀ ਦਰਦਨਾਕ ਹਾਲਾਤ ਵਿੱਚ ਹੋਣ ਕਾਰਨ ਸੁਰਖੀਆਂ ’ਚ ਆਈ ਸੀ। ਜਦ ਉਸ ਦੇ ਆਪਣੇ ਬੱਚੇ ਤਰੱਕੀ ਦੀਆਂ ਨਵੀਆਂ ਪੈੜਾਂ ਪਾ ਰਹੇ ਹੋਣਗੇ ਉਹ ਕਿੰਨੀ ਖੁਸ਼ ਹੁੰਦੀ ਹੋਵੇਗੀ? ਉਸ ਨੇ ਵੀ ਆਪਣੇ ਪਰਵਾਰ ਦੀ ਤਰੱਕੀ ਲਈ ਕਿੰਨੇ ਸੁਫਨੇ ਵੇਖੇ ਹੋਣਗੇ ਅਤੇ ਉਹ ਸੱਚ ਵੀ ਹੋ ਨਿਬੜੇ ਸਨ। ਅਫਸੋਸ ਕਿ ਅਜੋਕੀ ਪੀੜ੍ਹੀ ਨੇ ਰਿਸ਼ਤਿਆਂ ਦੇ ਮਹੱਤਵ ਨੂੰ ਭੁਲਾ ਦਿੱਤਾ। ਉਸ ਲਈ ਪੈਸਾ ਅਤੇ ਜਾਇਦਾਦ ਹੀ ਟੀਚਾ ਬਣ ਕੇ ਰਹਿ ਗਿਆ ਹੈ। ਉਹ ਨਹੀਂ ਜਾਣਦੇ ਕਿ ਜੜ੍ਹ ਨਾਲੋਂ ਟੁੱਟ ਚੁੱਕੇ ਰੁੱਖ ਸਦਾ ਹਰੇ-ਭਰੇ ਨਹੀਂ ਰਹਿ ਸਕਦੇ। ਇਹ ਘਟਨਾ ਸਾਨੂੰ ਇੱਕ ਵੱਡੀ ਸਿੱਖਿਆ ਵੀ ਦਿੰਦੀ ਹੈ ਕਿ ਸਾਨੂੰ ਆਪਣੇ ਬੱਚਿਆਂ ਨੂੰ ਕਿਤਾਬੀ ਪੜ੍ਹਾਈ ਦੇ ਨਾਲ ਨੈਤਿਕ ਸਿੱਖਿਆ ’ਤੇ ਵੀ ਜ਼ੋਰ ਦੇਣਾ ਚਾਹੀਦਾ ਹੈ। ਸਰਕਾਰ ਅਤੇ ਸਮਾਜ ਵਿਗਿਆਨੀਆਂ ਨੂੰ ਇਸ ਮਸਲੇ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ ਨਹੀਂ ਤਾਂ ਕੱਲ੍ਹ ਨੂੰ ਅਜਿਹੀ ਮਨਹੂਸ ਘਟਨਾ ਕਿਸੇ ਨਾਲ ਵੀ ਵਾਪਰ ਸਕਦੀ ਹੈ।

ਬਜ਼ੁਰਗਾਂ ਦੇ ਹੱਕ ਵਿੱਚ ਕਈ ਕਾਨੂੰਨ ਬਣੇ ਹੋਏ ਹਨ, ਪਰ ਜਾਣਕਾਰੀ ਦੀ ਅਣਹੋਂਦ ਕਾਰਨ ਉਹ ਅਜੇ ਵੀ ਨਰਕ ਵਰਗੀ ਜ਼ਿੰਦਗੀ ਜਿਊਣ ਨੂੰ ਮਜਬੂਰ ਹਨ। ਇਨ੍ਹਾਂ ਕਾਨੂੰਨਾਂ ਦੀ ਜਾਣਕਾਰੀ ਦੇਣ ਲਈ ਸਰਕਾਰ ਨੂੰ ਵਿਸ਼ੇਸ਼ ਜਾਗਰੂਕਤਾ ਮੁਹਿੰਮ ਵਿੱਢਣੀ ਚਾਹੀਦੀ ਹੈ। ਮੈਂ ਉਮੀਦ ਕਰਦੀ ਹੋਈ ਦੂਆ ਕਰਦੀ ਹਾਂ ਕਿ ਕਿਸੇ ਵੀ ਵਿਅਕਤੀ ਨੂੰ ਆਪਣੀ ਜ਼ਿੰਦਗੀ ਦਾ ਸੂਰਜ ਅਸਤ ਹੋਣ ਵੇਲੇ ਪਸ਼ੂਆਂ ਤੋਂ ਬਦਤਰ ਅਜਿਹੀ ਜ਼ਿੰਦਗੀ ਬਤੀਤ ਨਾ ਕਰਨੀ ਪਵੇ। ਇਨ੍ਹਾਂ ਮਾੜੇ ਕੀਤੇ ਕੰਮਾਂ ਦਾ ਫਲ ਹਰ ਹਾਲਤ ਵਿੱਚ ਸਾਡੇ ਕੋਲ ਪਹੁੰਚਦਾ ਹੈ। ਪਤਾ ਨਹੀਂ, ਅਜਿਹੇ ਲੋਕ ਕਿਵੇਂ ਭੁੱਲ ਜਾਂਦੇ ਹਨ ਕਿ ਜੇ ਉਨ੍ਹਾਂ ਦੇ ਮਾਪੇ ਬੁੱਢੇ ਹੋਏ ਹਨ ਤਾਂ ਕੱਲ੍ਹ ਨੂੰ ਉਨ੍ਹਾਂ ਨੇ ਵੀ ਅਜਿਹੀ ਅਵਸਥਾ ਹੰਢਾਉਣੀ ਹੈ। ਇਹ ਇਤਿਹਾਸ ਸਾਡੇ ਉੱਤੇ ਪਰਮਾਤਮਾ ਵੱਲੋਂ ਦੁਹਰਾਇਆ ਗਿਆ ਤਾਂ ਸਾਡਾ ਕੀ ਹਸ਼ਰ ਹੋਵੇਗਾ, ਸ਼ਾਇਦ ਇਸ ਤੋਂ ਵੀ ਬੁਰਾ।

ਇੱਕ ਗੱਲ ਹੋਰ, ਜੋ ਇਨਸਾਨ ਆਪਣੇ ਮਾਪਿਆਂ ਦਾ ਨਹੀਂ ਬਣਿਆ, ਉਹ ਹੋਰ ਕਿਸੇ ਦਾ ਵੀ ਨਹੀਂ ਬਣ ਸਕਦਾ। ਇਨ੍ਹਾਂ ਨੇ ‘ਦੁੱਧਾਂ ਨਾਲ ਪੁੱਤ ਪਾਲ ਕੇ ਫੇਰ ਪਾਣੀ ਨੂੰ ਤਰਸਦੀਆਂ ਮਾਵਾਂ’ ਨੂੰ ਪੂਰ ਤਰ੍ਹਾਂ ਸਾਬਤ ਕਰ ਦਿੱਤਾ ਹੈ। ਜੋ ਆਪਣੇ ਖੂਨ ਤੇ ਪਿਆਰ ਦੇ ਰਿਸ਼ਤਿਆਂ ਦੀ ਕਦਰ ਨਹੀਂ ਕਰ ਸਕੇ, ਉਨ੍ਹਾਂ ਨੂੰ ਸਮਾਜਕ ਤੌਰ ’ਤੇ ਵੀ ਦੁਰਕਾਰਾਂ ਮਿਲਦੀਆਂ ਹਨ। ਸਮਝ ਨਹੀਂ ਆ ਰਹੀ ਕਿ ਮਨੁੱਖ ਇਖਲਾਕੀ ਤੌਰ ’ਤੇ ਏਨਾ ਹੇਠਾਂ ਡਿੱਗ ਚੁੱਕਾ ਹੈ ਕਿ ਉਹ ਮਾਵਾਂ ਵਰਗੇ ਘਣਛਾਵੇਂ ਬੂਟੇ ਨੂੰ ਕਿਵੇਂ ਜੜ੍ਹੋਂ ਪੁੱਟ ਕੇ ਬਾਹਰ ਸੁੱਟ ਦਿੰਦਾ ਹੈ। ਉਹ ਕਿਉਂ ਨਹੀਂ ਸਮਝਦਾ ਕਿ ‘ਬਜ਼ੁਰਗ ਜ਼ਿੰਦਗੀ ਦੇ ਤਜਰਬਿਆਂ ਦਾ ਖਜ਼ਾਨਾ ਹੁੰਦੇ ਹਨ, ਜਿਨ੍ਹਾਂ ਨਾਲ ਘਰ ਮਹਿਕਦਾ ਤੇ ਟਹਿਕਦਾ ਹੈ। ਉਨ੍ਹਾਂ ਕੋਲ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸੰਭਾਲਣ ਤੇ ਸੰਵਾਰਨ ਦਾ ਬਹੁਤ ਜ਼ਿਆਦਾ ਸਮਾਂ ਹੁੰਦਾ ਹੈ। ਉਨ੍ਹਾਂ ਤੋਂ ਬਿਨਾਂ ਅਸੀਸਾਂ ਮੁੱਕ ਜਾਂਦੀਆਂ ਹਨ। ਸਾਡੀ ਬੀਬੀ ਭਾਵੇਂ 93 ਸਾਲ ਦੀ ਉਮਰ ਭੋਗ ਕੇ ਗਈ, ਪਰ ਸਾਨੂੰ 39 ਸਾਲਾਂ ਦੇ ਜਵਾਨ ਵਿਅਕਤੀ ਦੇ ਜਾਣ ਵਰਗਾ ਘਾਟਾ ਮਹਿਸੂਸ ਹੋਇਆ। ਚੰਗੇ ਕਰਮ ਵਾਲੇ ਵਿਅਕਤੀ ਸ਼ਾਂਤੀ ਭਰੀ ਜ਼ਿੰਦਗੀ ਜਿਊਂਦੇ ਹੀ ਨਹੀਂ, ਉਨ੍ਹਾਂ ਦਾ ਅੰਤਲਾ ਸਮਾਂ ਬੜਾ ਸੁਖਾਲਾ ਹੁੰਦਾ ਹੈ। ਅਕਸਰ ਲੋਕ ਕਹਿੰਦੇ ਹਨ ਕਿ ਜਾਣਾ ਸਭ ਨੂੰ ਹੈ, ਪਰ ਮੈਨੂੰ ਵੀ ਫਲਾਣੇ ਵਿਅਕਤੀ ਵਰਗੀ ਮੌਤ ਆਵੇ। ਕੋਈ ਫਰਕ ਨਹੀਂ ਪੈਂਦਾ ਕਿ ਅਸੀਂ ਕਿੰਨੇ ਸਾਲ ਜਿਉ ਕੇ ਗਏ, ਪਰ ਕਿੱਦਾਂ ਜਿਉਂ ਕੇ ਗਏ, ਬਹੁਤ ਫਰਕ ਪੈਂਦਾ ਹੈ। ਵਧੀਆ ਜ਼ਿੰਦਗੀ ਜਿਊਣ ਵਾਲੇ ਲੋਕ ਅਕਸਰ ਦੂਜਿਆਂ ਦੇ ਚੇਤਿਆਂ ਵਿੱਚ ਜਿਊਂਦੇ ਹਨ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਘਰ ਜਾਣ ਦੀ ਤੜਪ

-ਅਭੈ ਸਿੰਘ

ਲਾਕਡਾਊਨ ਤੋਂ ਦੋ ਚਾਰ ਦਿਨ ਬਾਅਦ ਪਰਵਾਸੀ ਮਜ਼ਦੂਰਾਂ ਦੀ ਆਪਣੇ ਘਰੀਂ ਜਾਣ ਦੀ ਤੜਪ ਦੇਖੀ। ਸਰੀਰਕ ਦੂਰੀ ਦੀ ਚਿਤਾਵਨੀ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਦਿੱਲੀ, ਯੂ ਪੀ ਬਾਰਡਰ ਉਤੇ ਹਜ਼ਾਰਾਂ ਦੀ ਭੀੜ ਇਕੱਠੀ ਹੋ ਗਈ। ਸਿਰਾਂ ਉੱਤੇ ਗਠੜੀਆਂ, ਮੋਢਿਆਂ ਉਤੇ ਥੈਲੇ, ਕੁੱਛੜ ਬੱਚੇ ਅਤੇ ਸੈਂਕੜੇ ਮੀਲਾਂ ਦੇ ਪੈਦਲ ਸਫਰ ਦੀ ਤਿਆਰੀ। ਸਫਰ ਕਿੰਨੇ ਸੌ ਮੀਲ ਹੈ, ਨਾ ਜਾਣਕਾਰੀ ਤੇ ਨਾ ਜਾਣਨ ਦੀ ਤਮੰਨਾ, ਬੱਸ ਜਾਣਾ ਹੈ। ਯੂ ਪੀ ਸਰਕਾਰ ਨੇ ਬੱਸਾਂ ਦਾ ਪ੍ਰਬੰਧ ਕੀਤਾ ਤਾਂ ਕੁਝ ਸਵਾਰੀਆਂ ਅੰਦਰ, ਕੁਝ ਛੱਤਾਂ ਉੱਤੇ। ਚਾਰੇ ਪਾਸੇ ਘਬਰਾਹਟ, ਕੋਰੋਨਾ ਦੀ ਨਹੀਂ, ਘਰ ਜਾਣ ਦੀ।

ਪੈਦਲ ਜਾਣ ਦੀ ਤਿਆਰੀ ਧਮਕੀ ਨਹੀਂ, ਹਕੀਕਤ ਸੀ। ਬਹੁਤ ਲੋਕ ਚੱਲ ਪਏ, ਕਈਆਂ ਨੂੰ ਸੌ ਜਾਂ ਦੋ ਸੌ ਮੀਲ ਤੈਅ ਕਰਨ ਪਿੱਛੋਂ ਪੁਲਸ ਨੇ ਮੋੜਿਆ। ਲੋਕ ਰੇਲਵੇ ਪਟੜੀਆਂ ਦੇ ਰਸਤੇ ਚੱਲ ਪਏ। ਰਸਤੇ ਵਿੱਚ ਲੁੱਟੇ ਗਏ ਤੇ ਦਰਦਨਾਕ ਹਾਦਸਿਆਂ ਦੇ ਸ਼ਿਕਾਰ ਹੋ ਗਏ। ਜਿਊਂਦਿਆਂ ਨੂੰ ਸਪੈਸ਼ਲ ਗੱਡੀ ਨਹੀਂ ਸੀ ਜੁੜੀ, ਉਨ੍ਹਾਂ ਦੀਆਂ ਲਾਸ਼ਾਂ ਵਾਸਤੇ ਤਿਆਰ ਕਰ ਦਿੱਤੀ ਹੈ, ਸ਼ੁਕਰੀਆ ਸਰਕਾਰ ਜੀ।

ਸ਼ੁਰੂ ਸ਼ੁਰੂ ਵਿੱਚ ਰਾਸ਼ਨ ਦਿੱਤਾ, ਖਰਾਇਤੀ ਸੰਸਥਾਵਾਂ ਤੇ ਸਰਕਾਰੀ ਅਦਾਰਿਆਂ ਵੀ ਲੰਗਰ ਲਾਏ, ਪਹਿਲਾਂ ਦੋ ਵੇਲੇ, ਫਿਰ ਇੱਕ ਵੇਲੇ। ਪਹਿਲਾਂ ਰੋਟੀ, ਸਬਜ਼ੀ, ਦਾਲ, ਫਿਰ ਦਾਲ-ਚੌਲ ਅਤੇ ਆਖਰ ਵਿੱਚ ਕੜ੍ਹੀ-ਚੌਲ। ਫਿਰ ਵੀ ਸ਼ੁਕਰੀਆ। ਮਕਾਨ ਮਾਲਕਾਂ ਨੂੰ ਕਿਰਾਇਆ ਨਾ ਲੈਣ ਦਾ ਹੁਕਮ ਕਰ ਦਿੱਤਾ। ਬਹੁਤ ਜਗ੍ਹਾ ਨੌਕਰੀਆਂ, ਰੁਜ਼ਗਾਰ ਤੇ ਕਾਰੋਬਾਰ ਜਲਦੀ ਸ਼ੁਰੂ ਹੋਣ ਦੀਆਂ ਉਮੀਦਾਂ ਦਿਵਾਈਆਂ, ਫਿਰ ਵੀ ਵਾਪਸ ਜਾਣ ਦੀ ਇੰਨੀ ਤਾਂਘ ਕਿਉਂ। ਲੋਕ ਮਰ ਮਿਟਣ ਵਾਸਤੇ ਤਿਆਰ ਹਨ, ਇੰਨੀ ਬੇਸਬਰੀ! ਕਾਰਨ ਕਈ ਹੋਣਗੇ, ਪਹਿਲਾਂ ਇਨ੍ਹਾਂ ਨੂੰ ਸਮਝਣ ਵਾਸਤੇ ਖੁਦ ਕਰਫਿਊ ਵਿੱਚ ਫਸੇ ਹੋਣ ਅਤੇ ਘਰ ਜਾਣ ਦੀ ਲਲਕ ਦੀ ਕਹਾਣੀ ਸੁਣਾ ਦੇਵਾਂ।

1984 ਦੇ ਜੂਨ ਮਹੀਨੇ ਮੈਂ ਇੱਕ ਰਾਤ ਵਾਸਤੇ ਬਿਮਾਰ ਪਿਤਾ ਜੀ ਦਾ ਪਤਾ ਲੈਣ ਅੰਮ੍ਰਿਤਸਰ ਜ਼ਿਲੇ ਵਿੱਚ ਆਪਣੇ ਪਿੰਡ ਗਿਆ ਸੀ। ਸਵੇਰੇ ਪੰਜ ਵਜੇ ਵਾਪਸੀ ਦਾ ਪ੍ਰੋਗਰਾਮ ਸੀ, ਪਰ 24 ਘੰਟੇ ਦਾ ਕਰਫਿਊ ਲੱਗ ਗਿਆ, ਅਗਲੇ ਦਿਨ ਹੋਰ 24 ਘੰਟੇ, ਫਿਰ ਰੋਜ਼ ਚੱਲ ਸੋ ਚੱਲ। ਮੇਰੀ ਪਤਨੀ ਅਤੇ ਪੁੱਤਰ ਚੰਡੀਗੜ੍ਹ ਦੇ ਨਜ਼ਦੀਕ ਸੂਰਜਪੁਰ ਦੀ ਸੀਮਿੰਟ ਫੈਕਟਰੀ ਵਿੱਚ ਸਨ। ਚੌਥੇ ਦਿਨ ਮੇਰਾ ਸਬਰ ਟੁੱਟ ਗਿਆ, ਤੇ ਮੈਂ ਛੋਟੇ ਭਰਾ ਦਾ ਸਾਈਕਲ ਚੁੱਕਿਆ ਅਤੇ ਚੱਲ ਪਿਆ।

ਸਾਰਾ ਪੰਜਾਬ ਫੌਜ ਦੇ ਹਵਾਲੇ ਸੀ। ਮੁੱਖ ਸੜਕਾਂ ਉਤੇ ਸਾਈਕਲ ਨਹੀਂ ਚੜ੍ਹਾਇਆ ਜਾ ਸਕਦਾ ਸੀ। ਨਹਿਰੇ ਨਹਿਰ ਚੱਲਦਿਆਂ ਪਤਾ ਲੱਗਾ ਕਿ ਫੌਜ ਕਿਸੇ ਵੀ ਪਾਸਿਓਂ ਦਰਿਆ ਦਾ ਪੁਲ ਪਾਰ ਨਹੀਂ ਕਰਨ ਦੇਂਦੀ। ਰਾਵੀ ਦੀ ਇਸ ਨਹਿਰ ਦੀ ਪਟੜੀ ਪਟੜੀ ਹਿਮਾਚਲ ਵਾਲੇ ਪਾਸੇ ਰੁਖ਼ ਕਰ ਲਿਆ। ਲੋਕਾਂ ਦੇ ਘਰਾਂ, ਬਹਿਕਾਂ ਤੇ ਗੁਰਦੁਆਰਿਆਂ ਵਿੱਚ ਰੋਟੀ ਖਾਂਦਾ ਅਤੇ ਰਾਤਾਂ ਕੱਟਦਾ ਤੀਸਰੇ ਦਿਨ ਹਿਮਾਚਲ ਦੇ ਕਸਬੇ ਇੰਦੌਰਾ ਪਹੁੰਚ ਗਿਆ। ਇਥੋਂ ਬਸ ਰਾਹੀਂ ਨੂਰਪੁਰ, ਉਥੋਂ ਰਾਤ ਹੋਣ ਤੱਕ ਕਾਂਗੜਾ ਪਹੁੰਚ ਗਿਆ। ਇਥੋਂ ਦਿੱਲੀ ਵਾਸਤੇ ਬੱਸਾਂ ਪੰਜਾਬ ਤੋਂ ਬਾਹਰੋਂ ਬਾਹਰ ਊਨਾ, ਭਾਖੜਾ, ਨੈਣਾ ਦੇਵੀ, ਕੈਂਚੀ ਮੋੜ ਤੋਂ ਕੱਚੇ ਰਸਤੇ ਨਾਲਾਗੜ੍ਹ, ਫਿਰ ਪਿੰਜੌਰ ਅਤੇ ਪੰਚਕੂਲਾ ਦੇ ਰਸਤੇ ਜਾਂਦੀਆਂ ਸਨ। ਅਜਿਹੀ ਬਸ ਮੈਨੂੰ ਸਵੇਰ ਦੇ ਦਸ ਵਜੇ ਸੂਰਜਪੁਰ ਦੇ ਬਸ ਅੱਡੇ ਉਤਾਰ ਗਈ ਅਤੇ ਮੈਂ ਘਰ ਪਹੁੰਚ ਗਿਆ। ਮੇਰੀ ਆਮਦ ਬਾਰੇ ਮੇਰੀ ਪਤਨੀ ਅੱਜ ਵੀ ਦੱਸਦੀ ਹੈ ਕਿ ਕਾਲਾ ਰੰਗ ਹੋਇਆ ਪਿਆ ਸੀ ਤੇ ਚਿੱਕੜ ਵਰਗੇ ਕੱਪੜੇ।

ਉਦੋਂ ਮੈਂ ਆਪਣੇ ਮਾਤਾ-ਪਿਤਾ ਅਤੇ ਭਰਾਵਾਂ ਨਾਲ ਆਪਣੇ ਜੱਦੀ ਪਿੰਡ ਬੈਠਾ ਸਾਂ, ਰੋਟੀ-ਪਾਣੀ ਅਤੇ ਰੁਜ਼ਗਾਰ ਦੀ ਸਮੱਸਿਆ ਨਹੀਂ ਸੀ, ਮਕਾਨ ਦੇ ਕਿਰਾਏ ਦਾ ਕੋਈ ਮਸਲਾ ਨਹੀਂ ਸੀ, ਪਰ ਇਨ੍ਹਾਂ ਮਜ਼ਦੂਰਾਂ ਦੀਆਂ ਸੌ ਸਮੱਸਿਆਵਾਂ ਹਨ। ਬੱਸਾਂ-ਗੱਡੀਆਂ ਅਚਾਨਕ ਬੰਦ ਹੋਣ ਨਾਲ ਹੌਲ ਪੈ ਗਿਆ ਕਿ ਘਿਰ ਗਏ ਹਾਂ। ਪਹਿਲੀ ਵਾਰ ਅਹਿਸਾਸ ਹੋਇਆ ਕਿ ਘਰ ਤੇ ਘਰ ਵਾਲਿਆਂ ਤੋਂ ਇੰਨੀ ਦੂਰ ਹਾਂ। ਜਦੋਂ ਚਾਰੇ ਪਾਸੇ ਮੌਤ ਦੀਆਂ ਗੱਲਾਂ ਚੱਲੀਆਂ ਤਾਂ ਖਿਆਲ ਆਏ ਕਿ ਜੇ ਮਰਨਾ ਹੈ ਤਾਂ ਆਪਣੇ ਘਰ ਮਰੀਏ, ਚਾਰ ਬੰਦੇ ਚੁੱਕ ਲੈਣ, ਗ਼ਮ ਕਰ ਲੈਣ, ਇਥੇ ਕੌਣ ਆਊ।

ਮੇਰੇ ਕੇਸ ਨਾਲ ਮਿਲਦੀ ਮਿਸਾਲ ਹਜ਼ੂਰ ਸਾਹਿਬ ਘਿਰੇ ਸ਼ਰਧਾਲੂਆਂ ਦੀ ਕਹੀ ਜਾ ਸਕਦੀ ਹੈ। ਉਨ੍ਹਾਂ ਨੂੰ ਪੂਰੀਆਂ ਸਹੂਲਤਾਂ ਸਨ, ਪਰ ਮਨ ਨਹੀਂ ਟਿਕਿਆ, ਟਿਕ ਵੀ ਨਹੀਂ ਸੀ ਸਕਦਾ। ਹੋਰ ਵੀ ਅਜਿਹੇ ਬਹੁਤ ਲੋਕ ਹਨ, ਜੋ ਇੱਕ ਜਾਂ ਦੋ ਦਿਨ ਵਾਸਤੇ ਘਰ ਦੇ ਨੇੜੇ ਜਾਂ ਕੁਝ ਦੂਰ ਕਿਸੇ ਕੰਮ ਗਏ, ਰਿਸ਼ਤੇਦਾਰੀ ਵਿੱਚ ਗਏ ਤੇ ਲਾਕਡਾਊਨ ਦੇ ਸ਼ਾਹੀ ਫਰਮਾਨ ਦੇ ਮਾਰੇ ਮਹੀਨੇ ਭਰ ਤੋਂ ਕੁਰਲਾ ਰਹੇ ਹਨ। ਘੱਟੋ ਘੱਟ ਮੈਂ ਉਨ੍ਹਾਂ ਦੀ ਤੜਫ ਸਮਝ ਸਕਦਾ ਹਾਂ, ਇਸ ਵਾਸਤੇ ‘ਸਭ ਕੁਝ ਬੰਦੇ’ ਦੇ ਹੁਕਮ ਨੂੰ ‘ਵੇਲੇ ਸਿਰ ਚੁੱਕਿਆ ਜ਼ਰੂਰੀ ਕਦਮ’ ਨਹੀਂ, ‘ਬਹੁਤ ਦੇਰੀ ਨਾਲ ਚੁੱਕਿਆ ਬੇਸਮਝੀ ਦਾ ਕਦਮ’ ਮੰਨਦਾ ਹਾਂ।

‘ਘਰ ਅੰਦਰ ਰਹੋ’ ਦੇ ਨਾਅਰੇ ਲੱਗਦੇ ਹਨ ਤਾਂ ਪਰਦੇਸੀ ਕਹਿੰਦੇ ਹਨ, ‘ਪਹਿਲਾਂ ਘਰ ਤਾਂ ਪਹੁੰਚ ਜਾਈਏ।' ਕੰਮ ਸ਼ੁਰੂ ਹੋਇਆ ਹੈ, ਸ਼ੁਕਰ ਹੈ। ਸਭ ਘਰੀਂ ਪਹੁੰਚਣ, ਭਾਵੇਂ ਜਾਂਦਿਆਂ ਰੰਗ ਕਾਲਾ ਹੋ ਜਾਵੇ ਤੇ ਕੱਪੜੇ ਚਿੱਕੜ ਵਰਗੇ ਹੋ ਜਾਣ।

MARVES HARDWOOD FLOORING
Services:
Fence - Hardwood Flooring
Stairs - Small Renovation
John
416-787-6551

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

jobs! jobs! jobs! jobs! jobs!
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
DUNDAS·JAFINE
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500
ਬਲਵਿੰਦਰ

ਫਾਰਮ ਵਿਚ ਕਾਮਿਆਂ ਦੀ ਲੋੜ
ਮਾਲਟਨ ਅਤੇ ਗੋਰ ਰੋਡ ਦੇ ਏਰੀਏ ਤੋਂ ਫਾਰਮ ਵਿਚ ਕੰਮ ਕਰਨ ਲਈ ਬੰਦਿਆਂ ਅਤੇ ਜਨਾਨੀਆਂ ਦੀ ਲੋੜ ਹੈ। ਫਰੀ ਰਾਈਡ ਦਿੱਤੀ ਜਾਵੇਗੀ ਅਤੇ ਵਧੀਆ ਪੇਅ ਹੈ।
ਹਫ਼ਤੇ ਦੇ ਛੇ ਦਿਨ ਕੰਮ
ਸੰਪਰਕ: 647 765 4145

GREAT OPPOURTUNITY TO INVEST IN NIAGRA FALLS
- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure: $10,000 Submitted with offer; $10,000 Submitted 90 days after Offer Date; $20,000 Submitted 150 days after Offer Date
Jagdish Grewal, Sales Representative
Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/Host
Cell: 416 662 1313
Email: punjabirang13@hotmail.com

# ਕਾਂਗਰਸ 'ਸੱਤਾ ਦਾ ਸੁਪਨਾ' ਛੱਡੇ ਤਾਂ ਸੱਤਾ ਮਿਲੇ

-ਵਿਜੈ ਵਿਦਰੋਹੀ-



ਕਾਂਗਰਸ ਬੁਰੇ ਦੌਰ 'ਚੋਂ ਲੰਘ ਰਹੀ ਹੈ ਅਤੇ ਸ਼ਾਇਦ ਚੰਗਾ ਹੋਣਾ ਚਾਹੁੰਦੀ ਹੀ ਨਹੀਂ ਹੈ। ਗੁਲਾਮ ਨਬੀ ਆਜ਼ਾਦ ਦਾ ਕਹਿਣਾ ਹੈ ਕਿ ਕਾਂਗਰਸ 'ਚ ਚੋਣਾਂ ਨਾ ਹੋਈਆਂ ਤਾਂ 50 ਸਾਲ ਵਿਰੋਧੀ ਧਿਰ 'ਚ ਬੈਠਣਾ ਪਵੇਗਾ। ਅਜਿਹੀਆਂ ਖਰੀਆਂ-ਖਰੀਆਂ ਗੱਲਾਂ ਨਬੀ ਜੋ ਖਤ ਲਿਖਣ ਦੇ ਬਾਅਦ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨਾਲ ਗੱਲਬਾਤ ਕਰਨ ਦੇ ਬਾਅਦ ਵੀ ਅਜਿਹਾ ਕਹਿ ਰਹੇ ਹਨ ਤਾਂ ਇਸ ਦੇ ਡੂੰਘੇ ਸਿਆਸੀ ਮਤਲਬ ਕੱਢੇ ਜਾਣੇ ਚਾਹੀਦੇ ਹਨ। ਆਜ਼ਾਦ ਕਹਿੰਦੇ ਹਨ ਕਿ ਕਾਂਗਰਸ ਪ੍ਰਧਾਨ ਦੇ ਅਹੁਦੇ ਲਈ ਚੋਣ ਹੋਵੇਗੀ ਤਾਂ ਜੋ ਚੁਣਿਆ ਜਾਵੇਗਾ ਉਸ ਨੂੰ ਚੁਣੇ ਜਾਣ ਦੇ ਬਾਅਦ ਪੰਜਾਹ ਫੀਸਦੀ ਤੋਂ ਵੱਧ ਦਾ ਸਮਰਥਨ ਮਿਲ ਜਾਵੇਗਾ, ਬੇਸ਼ੱਕ ਹੀ ਅੱਜ ਇੱਕ ਫੀਸਦੀ ਦਾ ਵੀ ਹਾਸਲ ਨਾ ਹੋਵੇ।

ਇਸ ਤੋਂ ਪਹਿਲਾਂ ਕਪਿਲ ਸਿੱਬਲ ਦਾ ਟਵੀਟ ਆਇਆ ਸੀ, ਜੋ ਕਾਂਗਰਸ 'ਚ ਬਗਾਵਤ ਦੀ ਕਹਾਣੀ ਨੂੰ ਹੋਰ ਅੱਗੇ ਲਿਜਾਂਦਾ ਹੈ। ਸਿੱਬਲ ਨੇ ਬਹੁਤ ਵੱਡੀ ਗੱਲ ਕੀਤੀ ਹੈ, ਜੇ ਇਸ ਨੂੰ 'ਬਿਟਵੀਨ ਦਿ ਲਾਈਨਜ਼' ਸਮਝਿਆ ਜਾਵੇ ਤਾਂ ਕਹਿ ਰਹੇ ਹਨ ਕਿ ਅਹੁਦੇ ਤੋਂ ਵੱਡਾ ਦੇਸ਼ ਹੁੰਦਾ ਹੈ। ਕਿਤੇ ਨਾ ਕਿਤੇ ਸ਼ਾਇਦ ਉਹ ਸਾਫ ਕਹਿਣਾ ਚਾਹੁੰਦੇ ਹਨ ਕਿ ਨੇਤਾ ਤੋਂ ਵੱਡੀ ਪਾਰਟੀ ਜਾਂ ਇੰਝ ਕਹੋ ਕਿ ਅਹੁਦੇ ਤੋਂ ਵੱਡੀ ਪਾਰਟੀ ਹੁੰਦੀ ਹੈ, ਪਾਰਟੀ ਤੋਂ ਵੱਡਾ ਦੇਸ਼ ਹੁੰਦਾ ਹੈ। ਕਪਿਲ ਸਿੱਬਲ ਕਿਤੇ ਇਹ ਕਹਿਣਾ ਤਾਂ ਨਹੀਂ ਚਾਹ ਰਹੇ ਕਿ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਅਹੁਦੇ ਬਾਰੇ ਹੀ ਜ਼ਿਆਦਾ ਸੋਚ ਰਹੇ ਹਨ।

ਆਖਿਰ 23 ਨੇਤਾਵਾਂ ਨੇ, ਆਪਣੇ ਹੀ ਨੇਤਾਵਾਂ ਨੇ, ਗਾਂਧੀ-ਨਹਿਰੂ ਪਰਵਾਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੜਨ ਵਾਲੇ ਨੇਤਾਵਾਂ ਨੇ ਅਜਿਹਾ ਕੀ ਕਹਿ ਦਿੱਤਾ ਕਿ ਦੋਵੇਂ ਦੁਖੀ ਹੋ ਗਏ। 2014 ਅਤੇ 2019 'ਚ 50-50 ਸੀਟਾਂ ਆਉਣ ਤੋਂ ਬਾਅਦ ਦੋਵੇਂ ਦੁਖੀ ਨਹੀਂ ਹੋਏ। ਬਿਹਾਰ, ਯੂ ਪੀ, ਆਸਾਮ, ਬੰਗਾਲ, ਤੇਲੰਗਾਨਾ, ਆਂਧਰਾ ਪ੍ਰਦੇਸ਼ 'ਚ ਹਾਰ ਤੋਂ ਬਾਅਦ ਦੋਵੇਂ ਦੁਖੀ ਨਹੀਂ ਹੋਏ। ਨੌਜਵਾਨ ਕਾਂਗਰਸ ਵਿੱਚੋਂ ਖਿਸਕ ਰਹੇ ਹਨ। ਇਹ ਖ਼ਬਰ ਸੁਣ ਕੇ ਦੋਵੇਂ ਦੁਖੀ ਨਹੀਂ ਹੋਏ, ਕਾਂਗਰਸ ਦੇ ਬੁਨਿਆਦੀ ਵੋਟ ਬੈਂਕ ਵਿੱਚ ਮੋਦੀ ਨੇ ਜ਼ਬਰਦਸਤ ਸੰਨ੍ਹ ਲਾਈ ਹੈ ਕਿ ਇਹ ਤੱਥ ਜਾਣ ਕੇ ਵੀ ਦੋਵੇਂ ਦੁਖੀ ਨਹੀਂ ਹੋਏ। ਅੱਜ ਹਾਲਤ ਇਹ ਹੈ ਕਿ ਯੂ ਪੀ, ਬਿਹਾਰ, ਬੰਗਾਲ, ਓਡਿਸ਼ਾ, ਤੇਲੰਗਾਨਾ, ਆਂਧਰਾ ਪ੍ਰਦੇਸ਼, ਤਾਮਿਲਨਾਡੂ ਅਤੇ ਮਹਾਰਾਸ਼ਟਰ 'ਚ ਕਾਂਗਰਸ ਆਪਣੇ ਦਮ 'ਤੇ ਸੱਤਾ 'ਚ ਆ ਹੀ ਨਹੀਂ ਸਕਦੀ। ਇਹ ਕੌੜਾ ਸੱਚ ਜਾਣ ਕੇ ਵੀ ਦੋਵੇਂ ਦੁਖੀ ਨਹੀਂ ਹੋਏ।

23 ਨੇਤਾਵਾਂ ਨੇ ਇੱਕ ਪੂਰੇ ਸਮੇਂ ਲਈ ਪ੍ਰਧਾਨ ਦੀ ਮੰਗ ਕਰ ਲਈ। ਇੱਕ ਐਕਟਿਵ ਅਤੇ ਸੜਕ ਉੱਤੇ ਮੌਜੂਦਗੀ ਸਾਬਤ ਕਰਨ ਵਾਲੇ ਪ੍ਰਧਾਨ ਦੀ ਫਰਿਆਦ ਕਰ ਲਈ। ਪਾਰਟੀ ਬਚਾਉਣ ਦੀ ਅਪੀਲ ਕਰ ਲਈ। ਕਾਂਗਰਸੀ ਪਾਰਲੀਮੈਂਟਰੀ ਬੋਰਡ ਦਾ ਗਠਨ ਕਰਨ ਦੀ ਪ੍ਰਾਰਥਨਾ ਕਰ ਦਿੱਤੀ, ਬੋਰਡ 'ਚ ਵੱਡੇ ਮਸਲਿਆਂ 'ਤੇ ਵੱਡੇ ਫੈਸਲੇ ਲੈਣ ਦੀ ਬੇਨਤੀ ਕਰ ਦਿੱਤੀ ਤਾਂ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਦੁਖੀ ਹੋ ਗਏ। 23 ਨੇਤਾਵਾਂ ਨੇ ਕਾਂਗਰਸ ਵਰਕਿੰਗ ਕਮੇਟੀ ਦੀਆਂ ਬੈਠਕਾਂ ਦਾ ਸੱਚ ਸਾਹਮਣੇ ਰੱਖ ਦਿੱਤਾ ਤਾਂ ਦੋਵੇਂ ਦੁਖੀ ਹੋ ਗਏ। 23 ਨੇਤਾਵਾਂ ਨੇ ਕਿਹਾ ਕਿ ਦੇਸ਼ ਜਦੋਂ ਸਭ ਤੋਂ ਬੁਰੇ ਦੌਰ 'ਚੋਂ ਲੰਘ ਰਿਹਾ ਹੈ ਅਤੇ ਅਜਿਹੇ 'ਚ ਵੀ ਕਾਂਗਰਸ ਨਹੀਂ ਜਾਗੀ ਤਾਂ ਦੇਸ਼ ਲਈ ਬੁਰਾ ਹੋਵੇਗਾ। ਇਸ 'ਚ ਦੁਖੀ ਹੋਣ ਦੀ ਕੀ ਗੱਲ ਹੈ।

ਸੱਚ ਇਹੀ ਹੈ ਕਿ ਕਾਂਗਰਸ ਬਚੇਗੀ ਤਾਂ ਗਾਂਧੀ-ਨਹਿਰੂ ਪਰਵਾਰ ਦਾ ਸਿਆਸੀ ਵਜੂਦ ਬਚੇਗਾ। ਇੱਕ ਮੌਕਾ ਗਾਂਧੀ-ਨਹਿਰੂ ਪਰਵਾਰ ਤੋਂ ਵੱਖ ਕਿਸੇ ਨੇਤਾ ਨੂੰ ਕਿਉਂ ਨਾ ਦਿੱਤਾ ਜਾਵੇ? ਉਂਝ ਵੀ ਕਾਂਗਰਸ ਕੋਲ ਗੁਆਉਣ ਲਈ ਕੁਝ ਨਹੀਂ ਹੈ। ਇਸ ਦਾ ਦੂਜਾ ਪਹਿਲੂ ਹੈ ਕਿ ਕਾਂਗਰਸ ਨੂੰ 2019 ਵਿੱਚ ਵੀ 19 ਫੀਸਦੀ ਵੋਟਾਂ ਮਿਲੀਆਂ ਸਨ। 12 ਕਰੋੜ ਵੋਟਾਂ। ਇਹ ਵੋਟਾਂ ਘੱਟ ਨਹੀਂ ਹੁੰਦੀਆਂ। ਪੂਰੇ ਗੈਰ-ਕਾਂਗਰਸੀ ਵਿਰੋਧੀਆਂ ਨੂੰ ਮਿਲਾ ਕੇ ਵੀ ਇੰਨੀਆਂ ਵੋਟਾਂ ਨਹੀਂ ਮਿਲੀਆਂ। ਇੰਨੀਆਂ ਵੋਟਾਂ ਦੀ ਮਜ਼ਬੂਤ ਨੀਂਹ ਜੇ ਕਿਸੇ ਪਾਰਟੀ ਦੇ ਕੋਲ ਹੋਵੇ ਤਾਂ ਉਹ ਸੱਤਾ ਦੀ ਇਮਾਰਤ ਬਣਾਉਣ ਦਾ ਸੁਪਨਾ ਦੇਖ ਸਕਦੀ ਹੈ, ਪਰ ਦਿੱਕਤ ਇਹ ਹੈ ਕਿ ਕਾਂਗਰਸ ਕੋਲ ਰਣਨੀਤੀ ਦੀ ਘਾਟ ਹੈ। ਮੋਦੀ ਸਟਾਈਲ ਸਿਆਸਤ ਦਾ ਤੋੜ ਕੱਢਣ ਵਾਲੇ ਦੀ ਘਾਟ ਹੈ। ਲੈ-ਦੇ ਕੇ ਦੋ ਗੱਲਾਂ ਕਹੀਆਂ ਜਾ ਰਹੀਆਂ ਹਨ, ਲਾਈਕ ਮਾਈਂਡਿਡ ਪਾਰਟੀਆਂ ਨੂੰ ਇਕੱਠੇ ਕਰੋ, ਕਾਂਗਰਸ ਛੱਡ ਕੇ ਗਏ ਨੇਤਾਵਾਂ ਨੂੰ ਵਾਪਸ ਪਾਰਟੀ 'ਚ ਲਿਆਉਣ ਦੀ ਕੋਸ਼ਿਸ਼ ਕਰੋ, ਪਰ ਭਾਜਪਾ ਨਾਲ ਸਿਰਫ ਇਸੇ ਆਧਾਰ 'ਤੇ ਲੜਿਆ ਨਹੀਂ ਜਾ ਸਕਦਾ ਹੈ। ਜੇ ਕਿਤੇ ਲੜਿਆ ਵੀ ਜਾ ਸਕਦਾ ਹੈ ਤਾਂ ਪਾਰਟੀ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਨਹੀਂ ਕੀਤਾ ਜਾ ਸਕਦਾ। ਮਮਤਾ ਬੈਨਰਜੀ, ਜਗਨ ਮੋਹਨ ਰੈੱਡੀ ਸ਼ਰਦ ਪਵਾਰ ਤੇ ਹੇਮੰਤ ਬਿਸਵਾ ਸ਼ਰਮਾ ਪਾਰਟੀ ਛੱਡ ਗਏ ਉਨ੍ਹਾਂ ਕੁਝ ਕੁ ਨੇਤਾਵਾਂ 'ਚੋਂ ਹਨ, ਆਪਣਾ ਦਮ ਦਿਖਾ ਰਹੇ ਹਨ। ਇਨ੍ਹਾਂ ਵਿੱਚੋਂ ਕੋਈ ਵੀ ਕਾਂਗਰਸ ਵਿੱਚ ਨਹੀਂ ਜਾ ਰਿਹਾ ਅਤੇ ਨਾ ਕਿਸੇ ਨੇ ਵਾਪਸੀ ਲਈ ਅਰਜ਼ੀ ਲਾਈ ਹੈ। ਇਨ੍ਹਾਂ 'ਚੋਂ ਕਿਸੇ ਨੂੰ ਫਿਲਹਾਲ ਕਾਂਗਰਸ ਦੀ ਜ਼ਰੂਰਤ ਵੀ ਨਹੀਂ। ਕਾਂਗਰਸ ਨੇ ਸੱਤਾ 'ਚ ਆਉਣਾ ਹੈ ਤਾਂ ਦਸ ਸਾਲ ਲਈ ਸੱਤਾ ਦਾ ਸੁਪਨਾ ਛੱਡਣਾ ਹੀ ਪਵੇਗਾ।

# ਕੰਟਰੋਲ ਰੇਖਾ ਤੋਂ ਪਾਰ ਦੇ ਕਸ਼ਮੀਰ ਦੀ ਹਕੀਕਤ

-ਵਿਜੈ ਕ੍ਰਾਂਤੀ-



ਪਿਛਲੇ ਸਾਲ ਛੇ-ਸੱਤ ਦਹਾਕਿਆਂ ਵਿੱਚ ਮੀਡੀਆ ਨੇ ਭਾਰਤੀ ਜਨ ਮਾਨਸ 'ਤੇ ਖਬਰਾਂ ਦੀ ਜਿੰਨੀ ਬੰਬਾਰੀ ਕਸ਼ਮੀਰ ਬਾਰੇ ਕੀਤੀ ਹੈ, ਓਨੀ ਸ਼ਾਇਦ ਕਿਸੇ ਹੋਰ ਵਿਸ਼ੇ 'ਤੇ ਨਹੀਂ ਕੀਤੀ। ਇਸ ਦੇ ਬਾਵਜੂਦ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਸਾਡਾ ਮੀਡੀਆ ਤੇ ਭਾਰਤ ਸਰਕਾਰ ਜਨਤਾ ਤੱਕ ਇਹ ਗੱਲ ਪੁਚਾਉਣ ਵਿੱਚ ਅਸਫਲ ਰਹੀ ਕਿ ਪਾਕਿਸਤਾਨੀ ਕਬਜ਼ੇ ਵਾਲੇ ਜਿਸ 'ਆਜ਼ਾਦ ਕਸ਼ਮੀਰ' ਦੇ ਸੁਫਨੇ ਦਿਖਾ ਕੇ ਭਾਰਤ ਦੇ ਕਸ਼ਮੀਰੀ ਵੱਖਵਾਦ, ਅੱਤਵਾਦ ਅਤੇ ਹਿੰਸਾ ਦਾ ਮਾਹੌਲ ਬਣਾਈ ਬੈਠੇ ਹਨ, ਉਥੋਂ ਦੀ ਜਨਤਾ ਪਾਕਿਸਤਾਨੀ ਤਾਨਾਸ਼ਾਹੀ ਵਿੱਚ ਕਿੱਦਾਂ ਦਿਨ ਕੱਟੀ ਕਰਦੀ ਹੈ? ਦੇਸ਼ ਤੇ ਦੁਨੀਆ ਨੂੰ ਇਹ ਵੀ ਨਹੀਂ ਪਤਾ ਕਿ ਜਿਸ 'ਆਜ਼ਾਦ ਕਸ਼ਮੀਰ' ਦਾ ਢੋਲ ਪਾਕਿਸਤਾਨੀ ਸਰਕਾਰ ਵਜਾਉਂਦੀ ਹੈ, ਉਹ ਕਿਸੇ ਮਾਅਨੇ ਵਿੱਚ ਕਸ਼ਮੀਰ ਦਾ ਨਹੀਂ, ਬਲਕਿ ਜੰਮੂ ਦਾ ਹਿੱਸਾ ਹੈ ਅਤੇ ਕਸ਼ਮੀਰ ਨਾਲ ਉਸ ਦਾ ਦੂਰ-ਦੂਰ ਤੱਕ ਕੋਈ ਰਿਸ਼ਤਾ ਨਹੀਂ ਹੈ।

ਇਹ ਸਹੀ ਹੈ ਕਿ ਗਿਲਗਿਤ-ਬਾਲਟਿਸਤਾਨ ਤੇ ਆਜ਼ਾਦ ਕਹੇ ਜਾਣ ਵਾਲੇ ਕਸ਼ਮੀਰ ਦੀ ਪੂਰੀ ਆਬਾਦੀ ਮੁਸਲਿਮ ਹੈ, ਪਰ ਉਸ ਦੇ ਕਿਸੇ ਵੀ ਹਿੱਸੇ ਦੀ ਭਾਸ਼ਾ, ਖਾਣ-ਪੀਣ, ਪਹਿਰਾਵਾ ਅਤੇ ਬਾਕੀ ਸੱਭਿਆਚਾ ਕਿਸੇ ਵੀ ਤਰ੍ਹਾਂ ਕਸਮੀਰੀ ਨਹੀਂ। ਇੱਥੋਂ ਤੱਕ ਕਿ 1947 ਤੋਂ ਬਾਅਦ 'ਮਕਬੂਜ਼ਾ ਕਸ਼ਮੀਰ' ਦੇ 12 ਪ੍ਰਧਾਨ ਮੰਤਰੀਆਂ ਤੇ 26 ਰਾਸ਼ਟਰਪਤੀਆਂ ਵਿੱਚੋਂ ਇੱਕ ਵੀ ਨਾ ਕਸ਼ਮੀਰੀ ਸੀ ਅਤੇ ਹੀ ਕਸ਼ਮੀਰੀ ਭਾਸ਼ਾ ਬੋਲਣ ਵਾਲਾ ਸੀ। ਸੰਨ 1947 ਵਿੱਚ ਸਮੇਂ ਦੇ ਜੰਮੂ-ਕਸ਼ਮੀਰ ਦੇ ਮਹਾਰਾਜੇ ਨੇ ਆਪਣੇ ਰਾਜ ਨੂੰ ਭਾਰਤ ਵਿੱਚ ਸ਼ਾਮਲ ਕਰਨ ਦੀ ਸੰਧੀ 'ਤੇ ਹਸਤਾਖਰ ਕੀਤੇ ਸਨ, ਉਸ ਸਮੇਂ ਸੂਬੇ ਦਾ ਕੁੱਲ ਖੇਤਰਫਲ ਦੋ ਲੱਖ 22 ਹਜ਼ਾਰ 236 ਵਰਗ ਕਿਲੋਮੀਟਰ ਸੀ। ਇਸ ਵਿੱਚ ਗਿਲਗਿਤ-ਬਾਲਟਿਸਤਾਨ ਵੀ ਸੀ, ਜੋ ਇੱਕ ਅਸਥਾਈ ਸੰਧੀ ਹੇਠ ਸਿੱਧੇ ਬ੍ਰਿਟਿਸ਼ ਕੰਟਰੋਲ ਹੇਠ ਸੀ। ਇਸ ਲਈ ਇਸ ਦਾ ਭਾਰਤ ਵਿੱਚ ਸ਼ਾਮਲ ਹੋਣਾ ਤੈਅ ਸੀ, ਪਰ ਬ੍ਰਿਟਿਸ਼ ਸਰਕਾਰ ਨੂੰ ਡਰ ਸੀ ਕਿ ਜੇ ਇਹ ਇਲਾਕਾ ਭਾਰਤ ਦੇ ਹੱਥ ਵਿੱਚ ਰਿਹਾ ਤਾਂ ਸਮਾਜਵਾਦੀ ਸੋਚ ਅਤੇ ਸੋਵੀਅਤ ਯੂਨੀਅਨ ਲਈ ਪ੍ਰਸ਼ੰਸਾ ਦਾ ਭਾਵ ਰੱਖਦੇ ਨਹਿਰੂ ਦੀ ਅਗਵਾਈ ਵਾਲਾ ਭਾਰਤ ਅਫਗਾਨਿਸਤਾਨ, ਪੂਰਬੀ ਤੁਰਕਿ-ਸਤਾਨ (ਅੱਜ ਦੇ ਚੀਨ ਦਾ ਸ਼ਿਨਜਿਆਂਗ) ਅਤੇ ਬਰਾਸਤਾ ਤਜ਼ਾਕਿਸਤਾਨ ਸੋਵੀਅਤ ਯੂਨੀਅਨ ਨਾਲ ਸਿੱਧਾ ਜੁੜ ਜਾਵੇਗਾ, ਜੋ ਬ੍ਰਿਟਿਸ਼-ਅਮਰੀਕੀ ਖੇਮੇ ਲਈ ਖਤਰਨਾਕ ਸਿੱਧ ਹੋ ਸਕਦਾ ਹੈ। ਇਸੇ ਕਾਰਨ ਇਸ ਇਲਾਕੇ ਦੇ ਬ੍ਰਿਟਿਸ਼ ਸੈਨਾਪਤੀ ਅਤੇ ਗਿਲਗਿਤ-ਬਾਲਟਿ-ਸਤਾਨ ਨੂੰ ਮਹਾਰਾਜੇ ਵਾਲੇ ਕਸ਼ਮੀਰ ਨੂੰ ਦੇਣ ਦੀ ਥਾਂ ਪਾਕਿ ਵਿੱਚ ਰਲੇਵੇਂ ਦਾ ਐਲਾਨ ਕਰ ਦਿੱਤਾ।

ਦੂਜੇ ਪਾਸੇ ਪਾਕਿਸਤਾਨ ਨੇ ਹਮਲਾ ਕਰ ਕੇ ਮੁਜ਼ੱਫਰਾਬਾਦ ਤੋਂ ਪੁਣਛ ਤੱਕ ਲੱਗਣ ਵਾਲੇ ਜੰਮੂ ਦੇ 13 ਹਜ਼ਾਰ ਵਰਗ ਕਿਲੋਮੀਟਰ ਤੋਂ ਵੱਧ ਹਿੱਸੇ 'ਤੇ ਵੀ ਕਬਜ਼ਾ ਕਰ ਲਿਆ। ਇਸ ਦੇ ਬਾਅਦ ਪਾਕਿਸਤਾਨ ਸਰਕਾਰ ਨੇ ਆਪਣੇ ਕਬਜ਼ੇ ਵਾਲੇ ਜੰਮੂ-ਕਸ਼ਮੀਰ ਦੇ ਇਸ ਪੂਰੇ ਖੇਤਰ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਗਿਲਗਿਤ-ਬਾਲਟਿਸਤਾਨ ਨੂੰ ਨਾਰਦਰਨ ਏਰੀਆ ਨਾਂਅ ਦੇ ਕੇ ਉਸ ਨੂੰ ਸਿੱਧੇ ਪਾਕਿਸਤਾਨੀ ਸਰਕਾਰ ਦੇ ਕੰਟਰੋਲ ਹੇਠ ਦਿੱਤਾ ਗਿਆ, ਜਦ ਕਿ ਬਾਕੀ ਹਿੱਸੇ ਨੂੰ 'ਆਜ਼ਾਦ ਕਸ਼ਮੀਰ' ਨਾਂਅ ਦੇ ਦਿੱਤਾ ਗਿਆ। ਉਥੋਂ ਦੇ ਪ੍ਰਸ਼ਾਸਨ ਨੂੰ ਇੱਕ ਆਜ਼ਾਦ ਚਿਹਰਾ ਦੇਣ ਲਈ ਇੱਕ ਚੁਣੀ ਹੋਈ ਅਸੈਂਬਲੀ ਤੇ ਸੁਪਰੀਮ ਕੋਰਟ ਵਰਗੀਆਂ ਸੰਸਥਾਵਾਂ ਦੀ ਵੀ ਵਿਵਸਥਾ ਕੀਤੀ ਗਈ, ਪਰ ਅਸਲੀ ਤਾਕਤ ਇਸਲਾਮਾਬਾਦ ਦੇ ਹੱਥ ਵਿੱਚ ਰਹੀ ਹੈ। ਪਾਕਿਸਤਾਨ ਦੇ ਸ਼ਿਕੰਜੇ ਵਿੱਚ ਪਰੇਸ਼ਾਨ 'ਮਕਬੂਜ਼ਾ ਕਸ਼ਮੀਰ' ਦੀ ਜਨਤਾ ਲੰਬੇ ਸਮੇਂ ਤੋਂ ਅੰਦੋਲਨ ਚਲਾ ਰਹੀ ਹੈ, ਪਰ ਪਾਕਿਸਤਾਨ ਸਰਕਾਰ ਫੌਜ ਅਤੇ ਅੱਤਵਾਦੀ ਸੰਗਠਨ ਦੀ ਮਦਦ ਨਾਲ ਇਸ ਅੰਦੋਲਨ ਨੂੰ ਦਬਾ ਰਹੀ ਹੈ। ਪਿਛਲੇ ਕੁਝ ਦਹਾਕਿਆਂ ਵਿੱਚ ਉਥੇ ਅਲ-ਕਾਇਦਾ, ਹਿਜ਼ਬੁਲ-ਮੁਜਾਹਦੀਨ ਅਤੇ ਲਸ਼ਕਰ-ਏ-ਤੋਇਬਾ ਵਰਗੇ ਅੱਤਵਾਦੀ ਸੰਗਠਨਾਂ ਲਈ ਟਰੇਨਿੰਗ ਕੈਂਪ ਤੇ ਰਹਿਣ-ਲੁਕਣ ਦੇ ਟਿਕਾਣੇ ਬਣਾ ਕੇ ਪੂਰੇ ਇਲਾਕੇ ਦਾ ਮੂੰਹ-ਮੱਥਾ ਬਦਲ ਦਿੱਤਾ ਹੈ। ਗਿਲਗਿਤ-ਬਾਲਟਿ-ਸਤਾਨ ਵਿੱਚ ਦਰਜਨ ਕੁ ਕਬੀਲਿਆਂ ਵਿੱਚ ਖਿੱਲਰੀ ਸ਼ੀਆ ਆਬਾਦੀ ਨੂੰ ਦਬਾਈ ਰੱਖਣ ਲਈ ਪਾਕਿ ਸਰਕਾਰ ਇਨ੍ਹਾਂ ਅੱਤਵਾਦੀ ਸੰਗਠਨਾਂ ਦਾ ਇਸਤੇਮਾਲ ਕਰ ਰਹੀ ਹੈ। 'ਮਕਬੂਜ਼ਾ ਕਸ਼ਮੀਰ' ਦੇ ਅਧਿਕਾਰਾਂ ਲਈ ਲੜਨ ਵਾਲੇ ਸੈਂਕੜੇ ਸਥਾਨਕ ਕਾਰਕੁਨਾਂ ਦੇ ਪਿਛਲੇ ਦਹਾਕਿਆਂ ਵਿੱਚ ਕਤਲ ਹੋ ਚੁੱਕੇ ਜਾਂ ਉਹ ਹਮੇਸ਼ਾ ਲਈ ਗਾਇਬ ਕੀਤੇ ਗਏ ਹਨ, ਫਿਰ ਵੀ ਪਾਕਿਸਤਾਨ ਕਸ਼ਮੀਰ ਦੇ ਪੂਰੇ ਨੈਰੇਟਿਵ ਨੂੰ ਭਾਰਤੀ ਕਸ਼ਮੀਰ 'ਤੇ ਹੀ ਕੇਂਦਰਿਤ ਰੱਖਣ ਵਿੱਚ ਸਫਲ ਹੈ।

ਪਾਕਿਸਤਾਨ ਦੇ ਗੈਰ ਕਾਨੂੰਨੀ ਕਬਜ਼ੇ ਵਾਲੇ ਕਸ਼ਮੀਰ ਵਿੱਚ ਆਪਣੀ ਘੱਟਦੀ ਮਕਬੂਲੀਅਤ ਅਤੇ ਉਥੋਂ ਦੇ ਲੋਕਾਂ ਦੇ ਪਾਕਿਸਤਾਨ ਵਿਰੁੱਧ ਵਧਦੇ ਵਿਰੋਧ ਤੇ ਨਾਰਾਜ਼ਗੀ ਰੋਕਣ ਲਈ ਇਸ ਸਾਲ ਪਾਕਿਸਤਾਨ ਸਰਕਾਰ ਨੇ 'ਮਕਬੂਜ਼ਾ ਕਸ਼ਮੀਰ' ਦੇ ਸੰਵਿਧਾਨ ਵਿੱਚ ਤਰਮੀਮ ਦਾ ਫੈਸਲਾ ਕੀਤਾ ਹੈ। ਇਸ ਕਦਮ ਦਾ ਉਥੋਂ ਦੇ ਨੇਤਾ ਦੁਨੀਆ ਭਰ ਵਿੱਚ ਵਿਰੋਧ ਕਰ ਰਹੇ ਹਨ, ਪਰ ਭਾਰਤੀ ਮੀਡੀਆ ਵਿੱਚ ਇਸ ਦੀ ਖਬਰ ਤੱਕ ਨਹੀਂ। ਕੁਝ ਸਾਲ ਪਹਿਲਾਂ ਹਿਊਮਨ ਰਾਈਟਸ ਵਾਚ ਨੇ ਆਪਣੀ ਰਿਪੋਰਟ ਵਿੱਚ ਕਿਹਾ ਸੀ ਕਿ 'ਮਕਬੂਜ਼ਾ ਕਸ਼ਮੀਰ' ਦਾ ਆਪਣਾ ਸੰਵਿਧਾਨ ਹੈ ਜਿਸ ਵਿੱਚ ਅਜਿਹੇ ਕਈ ਤੰਤਰ ਹਨ ਜਿਨ੍ਹਾਂ ਨਾਲ ਆਪਣਾ ਸ਼ਾਸਨ ਖੁਦ ਚਲਾਉਣ ਵਾਲੀ ਸਰਕਾਰ ਬਣਦੀ ਹੈ। ਇਨ੍ਹਾਂ ਤੰਤਰਾਂ ਵਿੱਚ ਮਿਥੇ ਸਮੇਂ 'ਤੇ ਹੋਣ ਵਾਲੀਆਂ ਚੋਣਾਂ ਰਾਹੀਂ ਚੁਣੀ ਗਈ ਅਸੈਂਬਲੀ, ਸਿੱਧੇ ਤਰੀਕੇ ਨਾਲ ਚੁਣਿਆ ਰਾਸ਼ਟਰਪਤੀ, ਇੱਕ ਸੁਤੰਤਰ ਨਿਆਂ ਪਾਲਿਕਾ ਅਤੇ ਸਥਾਨਕ ਪ੍ਰਸ਼ਾਸਨ ਦੀਆਂ ਸਿਵਿਕ ਬਾਡੀਜ਼ ਹਨ, ਪਰ ਇਹ ਸਭ ਵਿਵਸਥਾਵਾਂ ਝੂਠੀਆਂ ਹਨ। ਪਾਕਿਸਤਾਨ ਦੀ ਫੈਡਰਲ ਮਨਿਸਟਰੀ ਆਫ ਲਾਅ ਐਂਡ ਕਸ਼ਮੀਰ ਅਫੇਅਰਜ਼ ਵੱਲੋਂ ਤਿਆਰ ਕੀਤੇ ਗਏ ਇਸ ਸੰਵਿਧਾਨ ਦੀ ਧਾਰਾ 56 ਵਿੱਚ ਇਹ ਵਿਵਸਥਾ ਵੀ ਹੈ ਕਿ ਉਥੋਂ ਦੀ ਚੁਣੀ ਹੋਈ ਸਰਕਾਰ ਨੂੰ ਭਾਵੇਂ ਉਥੋਂ ਦੀ ਅਸੈਂਬਲੀ ਦਾ ਕਿੰਨਾ ਵੀ ਸਮਰਥਨ ਕਿਉਂ ਨਾ ਹੋਵੇ, ਫਿਰ ਵੀ ਪਾਕਿਸਤਾਨ ਸਰਕਾਰ ਉਸ ਨੂੰ ਜਦ ਚਾਹੇ, ਬਰਖਾਸਤ ਕਰ ਸਕਦੀ ਹੈ। ਬਰਖਾਸਤ ਨਾ ਕੀਤੇ ਜਾਣ ਦੀ ਹਾਲਤ ਵਿੱਚ ਵੀ ਜਦ ਇਹ ਸਰਕਾਰ ਚੱਲਦੀ ਹੈ ਤਾਂ ਉਸ ਦੀ ਅਸਲੀ ਕਮਾਨ ਇਸਲਾਮਾਬਾਦ ਦੇ ਹੱਥ ਹੁੰਦੀ ਹੈ।


ਦਿਖਾਵੇ ਲਈ 'ਮਕੂਬਜ਼ਾ ਕਸ਼ਮੀਰ' ਦਾ ਪ੍ਰਸ਼ਾਸਨ ਮੁਜ਼ੱਫਰਾਬਾਦ ਵਿੱਚ ਚੁਣੀ ਹੋਈ 'ਸਰਕਾਰ' ਤੇ ਇਸਲਾਮਾਬਾਦ ਵਿੱਚ ਕੰਮ ਕਰਦੀ ਕੌਂਸਲ ਮਿਲ-ਜੁਲ ਕੇ ਚਲਾਉਂਦੀਆਂ ਹਨ, ਪਰ ਸਾਰੇ ਅਧਿਕਾਰ ਕੌਂਸਲ ਦੇ ਹੱਥ ਵਿੱਚ ਹਨ, ਜਿਸ ਦੀ ਪ੍ਰਧਾਨਗੀ ਖੁਦ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਕਰਦੇ ਹਨ। ਕੌਂਸਲ ਦੇ ਅਧਿਕਾਰ ਖੇਤਰ ਵਿੱਚ ਮਕਬੂਜ਼ਾ ਕਸ਼ਮੀਰ ਨੂੰ ਹਰ ਮਾਅਨੇ ਵਿੱਚ ਕਾਬੂ ਹੇਠ ਰੱਖਣ ਵਾਲੇ 52 ਵਿਸ਼ੇ ਹਨ, ਜਿਨ੍ਹਾਂ ਬਾਰੇ ਕਿਸੇ ਵੀ ਫੈਸਲੇ ਨੂੰ ਚੁਣੌਤੀ ਦੇਣ ਦਾ ਅਧਿਕਾਰ ਉਥੋਂ ਦੀ ਸਰਕਾਰ ਤਾਂ ਕੀ, ਪਾਕਿ-ਸਤਾਨ ਦੀ ਕਿਸੇ ਵੀ ਅਦਾਲਤ ਕੋਲ ਨਹੀਂ ਹੈ। ਕਾਰਨ ਇਹ ਹੈ ਕਿ ਪਾਕਿ-ਸਤਾਨ ਦੇ ਸੰਵਿਧਾਨ ਵਿੱਚ 'ਮਕਬੂਜ਼ਾ ਕਸ਼ਮੀਰ' ਅਤੇ ਗਿਲਗਿਤ-ਬਾਲਟਿ-ਸਤਾਨ ਨੂੰ ਪਾਕਿ ਦਾ ਹਿੱਸਾ ਨਹੀਂ ਮੰਨਿਆ ਜਾਂਦਾ। ਦੇਖ ਕੇ ਹੈਰਾਨੀ ਹੁੰਦੀ ਹੈ ਕਿ ਭਾਰਤ ਵਿੱਚ ਕਸ਼ਮੀਰੀ ਵੱਖਵਾਦ ਦਾ ਸਮਰਥਨ ਕਰਨ ਵਾਲੇ ਬੁੱਧੀਜੀਵੀ, ਸਿਆਸਤਦਾਨ ਤੇ ਪੱਤਰਕਾਰ ਨਾ ਤਾਂ ਕਦੇ ਮਕਬੂਜ਼ਾ ਕਸ਼ਮੀਰ ਦੀ ਜਨਤਾ 'ਤੇ ਹੋਣ ਵਾਲੇ ਅਤਿਆਚਾਰਾਂ 'ਤੇ ਧਿਆਨ ਦਿੰਦੇ ਹਨ, ਨਾ ਉਥੇ ਪਾਕਿਸਤਾਨੀ ਦਮਨ ਚੱਕਰ ਵਿਰੁੱਧ ਮੂੰਹ ਖੋਲ੍ਹਦੇ ਹਨ।

ਪਿੱਛੇ ਜਿਹੇ ਪੀ ਓ ਕੇ ਵਿੱਚ ਨੀਲਮ ਅਤੇ ਜਿਹਲਮ ਦਰਿਆਵਾਂ ਉਤੇ ਚੀਨ ਤੇ ਪਾਕਿਸਤਾਨ ਵੱਲੋਂ ਦੋ ਵੱਡੇ ਡੈਮ ਬਣਾਉਣ ਦਾ ਲੋਕਾਂ ਨੇ ਵਿਰੋਧ ਸ਼ੁਰੂ ਕੀਤਾ ਹੈ। ਇਹ ਮੁਜ਼ਾਹਰੇ 'ਦਰਿਆ ਬਚਾਓ, ਮੁਜ਼ੱਫਰਾਬਾਦ ਬਚਾਓ' ਕਮੇਟੀ ਵੱਲੋਂ ਕਰਵਾਏ ਗਏ। ਇਸ ਮੌਕੇ ਲੋਕ 'ਨੀਲਮ ਜਿਹਲਮ ਬਹਿਨੇ ਦੋ, ਹਮੇਂ ਜ਼ਿੰਦਾ ਰਹਿਨੇ ਦੋ' ਦੇ ਨਾਅਰੇ ਲਾ ਰਹੇ ਸਨ। ਦੱਸਣ ਯੋਗ ਹੈ ਕਿ ਪਿੱਛੇ ਜਿਹੇ ਪਾਕਿਸਤਾਨ ਤੇ ਚੀਨ ਨੇ ਪੀ ਓ ਕੇ ਖੇਤਰ ਵਿੱਚ ਮੋਮਾਥ ਹਾਈਡਲ ਪ੍ਰੋਜੈਕਟਾਂ-ਆਜ਼ਾਦ ਪੱਤਣ ਅਤੇ ਕੋਹਾਲਾ ਹਾਈਡਰੋ ਪਾਵਰ ਬਣਾਉਣ ਲਈ ਸਮਝੌਤਾ ਕੀਤਾ ਹੈ। ਆਜ਼ਾਦ ਪੱਤਣ ਹਾਈਡਲ ਪਾਵਰ ਪ੍ਰੋਜੈਕਟ ਸੱਤ ਕੁ ਸੌ ਮੈਗਾਵਾਟ ਬਿਜਲੀ ਪੈਦਾ ਕਰੇਗਾ ਅਤੇ ਇਹ ਚਾਈਨਾ-ਪਾਕਿਸਤਾਨ ਇਕਨੋਮਿਕ ਕੋਰੀਡੋਰ (ਸੀ ਪੀ ਈ ਸੀ) ਦਾ ਹਿੱਸਾ ਹੈ। ਲਗਭਗ 154 ਬਿਲੀਅਨ ਡਾਲਰ ਦੀ ਲਾਗਤ ਨਾਲ ਬਣਨ ਵਾਲੇ ਇਸ ਪ੍ਰੋਜੈਕਟ ਨੂੰ ਚੀਨੀ ਗਰੁੱਪ ਗੇਜ਼ਹੌਬਾ ਗਰੁੱਪ ਕੰਪਨੀ (ਸੀ ਜੀ ਜੀ ਸੀ) ਸਪਾਂਸਰ ਕਰ ਰਹੀ ਹੈ। ਚੀਨ ਦੀ ਥ੍ਰੀ ਗੋਰਜਜ਼ ਕਾਰਪੋਰੇਸ਼ਨ ਕੋਹਾਲਾ ਹਾਈਡਰੋ-ਇਲੈਕਟ੍ਰਿਕ ਪ੍ਰੋਜੈਕਟ ਨੂੰ ਸਪਾਂਸਰ ਕਰ ਰਹੀ ਹੈ, ਜੋ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਤੋਂ ਨੱਬੇ ਕਿਲੋਮੀਟਰ ਦੂਰ ਹੈ। ਇਹ 2026 ਤੱਕ ਮੁਕੰਮਲ ਹੋਣ ਦੀ ਆਸ ਹੈ ਅਤੇ ਇਸ ਨੂੰ ਇੰਟਰਨੈਸ਼ਨਲ ਫਾਈਨਾਂਸ ਕਾਰਪੋਰੇਸ਼ਨ ਅਤੇ ਸਿਲਕ ਰੋਡ ਫੰਡ ਸਪਾਂਸਰ ਕਰ ਰਹੇ ਹਨ। ਮੁਜ਼ਾਹਰਾਕਾਰੀ ਦੋਸ਼ ਲਗ ਰਹੇ ਹਨ ਕਿ ਇਨ੍ਹਾਂ ਡੈਮਾਂ ਕਾਰਨ ਪੀ ਓ ਕੇ ਦੇ ਭੂਗੋਲਿਕ-ਸਿਆਸੀ ਹਾਲਾਤ ਬਦਲ ਜਾਣਗੇ ਜਿਸ ਕਾਰਨ ਉਥੋਂ ਦੇ ਮੂਲ ਵਾਸੀਆਂ ਦੀ ਵੱਖਰੀ ਪਛਾਣ ਖਤਰੇ ਵਿੱਚ ਪੈ ਜਾਵੇਗੀ।


# ਜ਼ਰੂਰ ਜਾਣੋ; ਗਿਆਨ ਗੰਗਾ

## ।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਏਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

**647-739-4641**
**346-714-0224**


## ਹਲਕਾ ਫੁਲਕਾ

ਰੋਹਿਤ ਆਪਣੀ ਪਤਨੀ ਨੂੰ ਮਾਰ ਰਿਹਾ ਸੀ। ਇੱਕ ਆਦਮੀ ਨੇ ਪੁੱਛਿਆ, "ਕਿਉਂ ਮਾਰ ਰਿਹਾ ਏਂ ਵਿਚਾਰੀ ਨੂੰ?"

ਰੋਹਿਤ ਬੋਲਿਆ, "ਡਾਕਟਰ ਨੇ ਕਿਹਾ ਹੈ ਕਿ ਇਸ ਨੂੰ ਦਵਾਈ ਕੁੱਟ ਕੇ ਦੇਣੀ ਹੈ।"

*********

ਰਾਹੁਲ ਖੁਦਕੁਸ਼ੀ ਕਰਨ ਲਈ ਰੇਲ ਲਾਈਨ ਨੇੜੇ ਬੈਠਾ ਸੀ। ਕੋਲ ਹੀ ਸ਼ਰਾਬ ਅਤੇ ਚਿਕਨ ਪਿਆ ਸੀ।

ਇੱਕ ਵਿਅਕਤੀ ਨੇ ਪੁੱਛਿਆ, "ਇਹ ਸਭ ਕੀ ਹੈ ਬਈ?"

ਰਾਹੁਲ ਬੋਲਿਆ, "ਸਾਲੀ ਟਰੇਨ ਲੇਟ ਆਉਂਦੀ ਹੈ, ਕਿਤੇ ਭੁੱਖ ਨਾਲ ਮਰ ਨਾ ਜਾਵਾਂ?"

*********

ਨੀਰਜ (ਦੋਸਤਾਂ ਨੂੰ ਸ਼ੇਖੀ ਮਾਰਦਾ ਹੋਇਆ), "ਮੈਂ ਇੱਕੋ ਦਿਨ ਵਿੱਚ ਸ਼ੇਰ ਦੀ ਗਰਦਨ ਤੋੜ ਦਿੱਤੀ, ਚੀਤੇ ਦੇ ਦੋ ਟੁਕੜੇ ਕਰ ਦਿੱਤੇ ਅਤੇ ਹਾਥੀ ਦੀ ਲੱਤ ਤੋੜ ਦਿੱਤੀ।"

ਦੋਸਤ (ਹੈਰਾਨੀ ਨਾਲ), "ਫਿਰ ਕੀ ਹੋਇਆ?"

ਨੀਰਜ, "ਹੋਣਾ ਕੀ ਸੀ? ਦੁਕਾਨਦਾਰ ਨੇ ਆਪਣੇ ਖਿਡੌਣਿਆਂ ਦੀ ਭੰਨ ਤੋੜ ਕਰਨ ਦੇ ਜੁਰਮ ਵਿੱਚ ਮੈਨੂੰ ਜੇਲ੍ਹ ਭਿਜਵਾ ਦਿੱਤਾ।"

*********

ਇੱਕ ਵਾਰ ਮਦਨ ਸ਼ੀਸ਼ੇ ਸਾਹਮਣੇ ਅੱਖਾਂ ਬੰਦ ਕਰ ਕੇ ਖੜ੍ਹਾ ਸੀ ਤਾਂ ਉਸ ਦੀ ਪਤਨੀ ਨੇ ਪੁੱਛਿਆ, "ਇਹ ਤੁਸੀਂ ਕੀ ਕਰ ਰਹੇ ਹੋ? ਖੜ੍ਹੇ-ਖੜ੍ਹੇ ਹੀ ਸੌਂ ਰਹੇ ਹੋ।"

ਮੁਸਕਰਾਉਂਦੇ ਹੋਏ ਮਦਨ ਬੋਲਿਆ, "ਮੇਰੀ ਨਾਸਮਝ ਪਤਨੀ, ਮੈਂ ਤਾਂ ਦੇਖ ਰਿਹਾ ਹਾਂ ਕਿ ਸੌਂਦੇ ਸਮੇਂ ਮੈਂ ਕਿਹੋ ਜਿਹਾ ਲੱਗਦਾ ਹਾਂ।"

*********

ਰਾਜੇਸ਼ (ਮਹਿੰਦਰ ਨੂੰ), "ਤੇਰੀ ਪਤਨੀ ਦੇ ਦੰਦਾਂ ਦਾ ਦਰਦ ਠੀਕ ਹੋਇਆ ਜਾਂ ਨਹੀਂ?"

ਮਹਿੰਦਰ, "ਹਾਂ, ਡਾਕਟਰ ਦੇ ਆਉਂਦਿਆਂ ਹੀ ਠੀਕ ਹੋ ਗਿਆ।"

ਰਾਜੇਸ਼ (ਹੈਰਾਨੀ ਨਾਲ), "ਚੰਗਾ, ਅਜਿਹੀ ਕਿਹੜੀ ਦਵਾਈ ਦਿੱਤੀ ਉਸ ਨੇ?"

ਮਹਿੰਦਰ, "ਦਵਾਈ ਵਗੈਰਾ ਕੁਝ ਵੀ ਨਹੀਂ ਦਿੱਤੀ। ਬੱਸ ਡਾਕਟਰ ਨੇ ਕਿਹਾ, ਇਹ ਬੁਢਾਪੇ ਦੀ ਨਿਸ਼ਾਨੀ ਹੈ। ਉਸ ਦਿਨ ਤੋਂ ਉਸ ਨੇ ਦਰਦ ਦੀ ਸ਼ਿਕਾਇਤ ਹੀ ਨਹੀਂ ਕੀਤੀ।"

## ਗੁਰਪਤਵੰਤ ਦੇ ਪ੍ਰਚਾਰ ਵਾਲੀ ਯੂ-ਟਿਊਬ ਸਬਸਕ੍ਰਿਪਸ਼ਨ ਵੀ ਖਤਮ

ਜਲੰਧਰ, 14 ਸਤੰਬਰ (ਪੋਸਟ ਬਿਊਰੋ)- ਆਪਣੇ ਯੂ-ਟਿਊਬ ਚੈਨਲ ਰਾਹੀਂ ਪੰਜਾਬ ਦੇ ਨੌਜਵਾਨਾਂ ਨੂੰ ਭੜਕਾਉਣ ਦਾ ਕੰਮ ਕਰ ਰਹੇ ਸਿੱਖਸ ਫਾਰ ਜਸਟਿਸ ਦੇ ਆਗੂ ਗੁਰਪਤਵੰਤ ਸਿੰਘ ਪੰਨੂ ਦੇ ਚੈਨਲ ਨੂੰ ਟੈਲੀਕਾਮ ਮੰਤਰਾਲੇ ਨੇ ਬਲਾਕ ਕਰ ਦਿੱਤਾ ਹੈ। ਇਸ ਚੈਨਲ 'ਤੇ ਪਹਿਲਾਂ ਰੋਕ ਲਾ ਦਿੱਤੇ ਜਾਣ ਦੇ ਬਾਵਜੂਦ ਇਸ ਚੈਨਲ ਦੇ ਵੀਡੀਓ ਭਾਰਤ ਵਿੱਚ ਉਨ੍ਹਾਂ ਲੋਕਾਂ ਨੂੰ ਨਜ਼ਰ ਆ ਰਹੇ ਸਨ, ਜਿਨ੍ਹਾਂ ਨੇ ਇਹ ਚੈਨਲ ਸਬਸਕ੍ਰਾਈਬ ਕੀਤਾ ਹੋਇਆ ਸੀ। ਕੱਲ੍ਹ ਸ਼ਾਮ ਤੋਂ ਇਹ ਭਾਰਤ ਵਿੱਚ ਪੂਰੀ ਤਰ੍ਹਾਂ ਬਲਾਕ ਹੋ ਗਿਆ ਅਤੇ ਅੱਗੇ ਤੋਂ ਭਾਰਤ ਵਿੱਚ ਉਸ ਦੇ ਭੜਕਾਊ ਵੀਡੀਓ ਨਹੀਂ ਵੇਖੇ ਜਾ ਸਕਣਗੇ।

ਵਰਨਣ ਯੋਗ ਹੈ ਕਿ 15 ਅਗਸਤ ਤੋਂ ਪਹਿਲਾਂ ਗੁਰਪਤਵੰਤ ਸਿੰਘ ਪੰਨੂ ਨੇ ਆਪਣੇ ਇਸ ਚੈਨਲ ਉੱਤੇ ਵੀਡੀਓ ਜਾਰੀ ਕਰਕੇ ਪੰਜਾਬ ਦੇ ਨੌਜਵਾਨਾਂ ਨੂੰ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਖਾਲਿਸਤਾਨੀ ਝੰਡਾ ਲਹਿਰਾਉਣ ਬਦਲੇ 3,000 ਡਾਲਰ ਤੱਕ ਦੀ ਪੇਸ਼ਕਸ਼ ਕੀਤੀ ਸੀ ਅਤੇ ਲਾਲ ਕਿਲ੍ਹੇ ਉੱਤੇ ਝੰਡਾ ਲਾਉਣ ਲਈ ਸਵਾ ਲੱਖ ਡਾਲਰ ਦੇਣ ਦਾ ਝਾਂਸਾ ਵੀ ਦਿੱਤਾ ਸੀ। ਵੀਡੀਓ ਦੇਖਣ ਪਿੱਛੋਂ ਗੁੰਮਰਾਹ ਹੋਏ ਨੌਜਵਾਨਾਂ ਵੱਲੋਂ ਪੰਜਾਬ ਵਿੱਚ ਮੋਗਾ ਸਮੇਤ ਕੁਝ ਥਾਵਾਂ 'ਤੇ ਖਾਲਿਸਤਾਨ ਦਾ ਝੰਡਾ ਲਾਉਣ ਦੀਆਂ ਘਟਨਾਵਾਂ ਹੋਈਆਂ ਸਨ। ਇਸ ਪਿੱਛੋਂ ਸੁਰੱਖਿਆ ਏਜੰਸੀਆਂ ਚੌਕਸ ਹੋ ਗਈਆਂ। ਜਾਂਚ ਵਿੱਚ ਭੇਦ ਖੁੱਲ੍ਹਾ ਕਿ ਭਾਰਤ ਵਿੱਚ ਗੁਰਪਤਵੰਤ ਸਿੰਘ ਪੰਨੂ ਦਾ ਯੂ-ਟਿਊਬ ਚੈਨਲ ਸਿਰਫ ਉਨ੍ਹਾਂ ਲੋਕਾਂ ਨੂੰ ਨਜ਼ਰ ਆ ਰਿਹਾ ਸੀ, ਜਿਨ੍ਹਾਂ ਨੇ ਇਸ ਨੂੰ ਸਬਸਕ੍ਰਾਈਬ ਕੀਤਾ ਹੋਇਆ ਸੀ। ਇਹ ਸੂਚਨਾ ਟੈਲੀਕਾਮ ਮਨਿਸਟਰੀ ਤੱਕ ਗਈ ਅਤੇ ਗੁਰਪਤਵੰਤ ਸਿੰਘ ਪੰਨੂ ਦੇ ਚੈਨਲ ਨੂੰ ਪੂਰੀ ਤਰ੍ਹਾਂ ਬਲਾਕ ਕਰ ਦਿੱਤਾ ਗਿਆ ਹੈ। ਉਹ ਇਸ ਚੈਨਲ ਰਾਹੀਂ ਪੰਜਾਬ ਦੇ ਕਿਸਾਨਾਂ ਨੂੰ ਵੀ ਭੜਕਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਉਨ੍ਹਾਂ ਨੂੰ ਸਿੱਖਸ ਫਾਰ ਜਸਟਿਸ ਵੱਲੋਂ ਹਰ ਕਿਸਾਨ ਨੂੰ 3,500 ਰੁਪਏ ਦੇਣ ਦਾ ਲਾਲਚ ਦੇ ਕੇ ਉਨ੍ਹਾਂ ਨੂੰ ਪਹਿਲਾਂ ਤੋਂ ਬੰਦ ਪਈਆਂ ਟਰੇਨਾਂ ਰੋਕਣ ਲਈ ਉਕਸਾਇਆ ਗਿਆ ਸੀ। ਇਹ ਸੂਚਨਾ ਵੀ ਕੇਂਦਰ ਤੱਕ ਪਹੁੰਚੀ, ਜਿਸ ਦਾ ਅਸਰ ਉਸ ਦੇ ਚੈਨਲ ਨੂੰ ਬਲਾਕ ਕਰਨ ਦੇ ਰੂਪ ਵਿੱਚ ਸਾਹਮਣੇ ਆਇਆ ਹੈ।

# ਮੰਗੀ ਗਈ ਸੂਚਨਾ ਨਾ ਦੇਣ ਕਰ ਕੇ ਸ਼੍ਰੋਮਣੀ ਕਮੇਟੀ ਖਿਲਾਫ ਸਟੇਟ ਸੂਚਨਾ ਕਮਿਸ਼ਨ ਨੂੰ ਸ਼ਿਕਾਇਤ




ਕੀਰਤਪੁਰ ਸਾਹਿਬ, 14 ਸਤੰਬਰ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੇਠਲੇ ਸਕੂਲ ਦੀ ਪ੍ਰਿੰਸੀਪਲ ਹਰਜੀਤ ਕੌਰ ਬਾਰੇ ਮੰਗੀ ਗਈ ਸੂਚਨਾ ਸਮੇਂ ਸਿਰ ਨਾ ਦੇਣ ਕਾਰਨ ਸੁਰਜੀਤ ਸਿੰਘ ਪੁੱਤਰ ਰਤਨ ਸਿੰਘ ਪਿੰਡ ਚਹਿੜ ਮਜਾਰਾ ਨੂਰਪੁਰ ਬੇਦੀ ਨੇ ਸਟੇਟ ਸੂਚਨਾ ਕਮਿਸ਼ਨਰ ਪੰਜਾਬ ਨੂੰ ਐਸ ਜੀ ਪੀ ਸੀ ਵਿਰੁੱਧ ਸ਼ਿਕਾਇਤ ਕੀਤੀ ਹੈ।

ਕੀਰਤਪੁਰ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸੁਰਜੀਤ ਸਿੰਘ ਨੇ ਦੱਸਿਆ ਹੈ ਕਿ ਉਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਕਮ ਪਬਲਿਕ ਸੂਚਨਾ ਅਫਸਰ ਤੇ ਸ਼੍ਰੋਮਣੀ ਕਮੇਟੀ ਦੇ ਡਾਇਰੈਕਟਰ ਸਿੱਖਿਆ ਕੰਮ ਪਬਲਿਕ ਸੂਚਨਾ ਅਫਸਰ ਨੂੰ ਬੀਤੀ 20 ਜੁਲਾਈ ਨੂੰ ਇੱਕ ਆਰ ਟੀ ਆਈ ਅਰਜ਼ੀ ਦੇ ਕੇ ਪ੍ਰਿੰਸੀਪਲ ਹਰਜੀਤ ਕੌਰ ਬਾਰੇ ਕਈ ਸੂਚਨਾਵਾਂ ਮੰਗੀਆਂ ਸਨ, ਪਰ ਇਨ੍ਹਾਂ ਸੂਚਨਾ ਅਧਿਕਾਰੀਆਂ ਨੇ ਸੂਚਨਾ ਨਹੀਂ ਦਿੱਤੀ।

ਪੰਜਾਬ ਦੇ ਸੂਚਨਾ ਕਮਿਸ਼ਨ ਕੋਲ ਕੀਤੀ ਅਪੀਲ ਵਿੱਚ ਸੁਰਜੀਤ ਸਿੰਘ ਨੇ ਦੱਸਿਆ ਕਿ ਉਸ ਨੇ ਭਾਈ ਨੰਦ ਲਾਲ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਆਨੰਦਪੁਰ ਸਾਹਿਬ ਦੀ ਪ੍ਰਿੰਸੀਪਲ ਹਰਜੀਤ ਕੌਰ ਬਾਰੇ 2009 ਤੋਂ ਜੁਲਾਈ 2020 ਤੱਕ ਦੀ ਤਨਖਾਹ, ਭੱਤੇ ਅਤੇ ਤਰੱਕੀਆਂ ਦੀ ਜਾਣਕਾਰੀ ਮੰਗੀ ਸੀ। ਸਤੰਬਰ 2016 ਵਿੱਚ ਉਸ ਪ੍ਰਿੰਸੀਪਲ ਦੇ ਜੇਲ੍ਹ ਵਿੱਚ ਹੋਣ ਸਮੇਂ ਸ਼੍ਰੋਮਣੀ ਕਮੇਟੀ ਨੇ ਉਸ ਨੂੰ ਸਸਪੈਂਡ ਕੀਤਾ ਸੀ ਜਾਂ ਨਹੀਂ, ਜੇ ਨਹੀਂ ਕੀਤਾ ਗਿਆ ਤਾਂ ਕਿਨ੍ਹਾਂ ਨਿਯਮਾਂ ਹੇਠ ਸਸਪੈਂਡ ਨਹੀਂ ਸੀ ਕੀਤਾ, ਇਸ ਬਾਰੇ ਵੀ ਵੇਰਵੇ ਮੰਗੇ ਗਏ ਹਨ। ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਮਹਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਤੋਂ ਆਰ ਟੀ ਆਈ ਹੇਠ ਕੋਈ ਜਾਣਕਾਰੀ ਮੰਗਦਾ ਹੈ ਤਾਂ ਉਨ੍ਹਾਂ ਨੂੰ ਜਾਣਕਾਰੀ ਦੇਣ ਵਿੱਚ ਕਿਸੇ ਕਿਸਮ ਦਾ ਕੋਈ ਇਤਰਾਜ਼ ਨਹੀਂ ਹੈ। ਉਹ ਜ਼ਰੂਰੀ ਜਾਣਕਾਰੀ ਦੇਣਗੇ, ਪਰ ਸੁਰਜੀਤ ਸਿੰਘ ਦੇ ਆਰ ਟੀ ਆਈ ਤਹਿਤ ਜਾਣਕਾਰੀ ਬਾਰੇ ਕੋਈ ਦਸਤਾਵੇਜ਼ ਨਹੀਂ ਮਿਲੇ ਹਨ। ਸ਼੍ਰੋਮਣੀ ਕਮੇਟੀ ਦੀ ਸਿੱਖਿਆ ਡਾਇਰੈਕਟਰ ਸਤਿੰਦਰ ਕੌਰ ਧਾਲੀਵਾਲ ਨਾਲ ਦਾ ਕਹਿਣਾ ਹੈ ਕਿ ਕੋਰੋਨਾ ਵਾਲੇ ਦੌਰ ਦੇ ਦੌਰਾਨ ਉਹ ਬਿਮਾਰ ਸਨ, ਜਿਸ ਕਰ ਕੇ ਇਹ ਜਾਣਕਾਰੀ ਦੇਣ ਵਿੱਚ ਦੇਰੀ ਹੋਈ ਹੈ। ਕੁਝ ਦਿਨਾਂ ਵਿੱਚ ਆਰ ਟੀ ਆਈ ਕਾਰਕੁਨ ਵੱਲੋਂ ਮੰਗੀ ਗਈ ਜਾਣਕਾਰੀ ਦਿੱਤੀ ਜਾ ਰਹੀ ਹੈ।

## ਅਕਾਲੀਆਂ ਦਾ 'ਚੱਲ ਹੋਊ' ਵਤੀਰਾ : ਸ਼੍ਰੋਮਣੀ ਕਮੇਟੀ ਸੰਕਟ ਤੋਂ ਘੇਸ ਵੱਟਣਾ ਮਹਿੰਗਾ ਪੈ ਸਕਦੈ



ਜਲੰਧਰ, 14 ਸਤੰਬਰ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 300 ਤੋਂ ਵਧੇਰੇ ਸਰੂਪ ਗੁੰਮ ਹੋਣ ਅਤੇ ਕਮੇਟੀ ਦੇ ਪ੍ਰਬੰਧਾਂ ਵਿੱਚ ਵੱਡੀਆਂ ਖਾਮੀਆਂ ਹੀ ਨਹੀਂ, 10 ਸਾਲਾਂ ਵਿੱਚ ਇੱਕ ਅਰਬ ਰੁਪਏ ਤੋਂ ਵੱਧ ਦੀ ਤਨਖਾਹ ਲੈਣ ਵਾਲੇ ਚਾਰਟਰਡ ਅਕਾਊਂਟੈਂਟ ਵੱਲੋਂ ਦਿੱਤੇ ਕੰਮਾਂ ਵਿੱਚੋਂ ਵੀ ਕੰਮ ਪੂਰਾ ਨਾ ਕਰਨ ਜਾਂ ਅਧੂਰਾ ਕਰਨ ਅਤੇ ਕਮੇਟੀ ਦੇ ਕੰਮਾਂ ਵਿੱਚ ਜਵਾਬਦੇਹੀ ਦਾ ਕੋਈ ਵਿਧਾਨ ਨਾ ਹੋਣ ਦੀ ਗੱਲ ਇਤਿਹਾਸ 'ਚ ਪਹਿਲੀ ਵਾਰ ਸ੍ਰੀ ਅਕਾਲ ਤਖ਼ਤ ਵੱਲੋਂ ਬਣਾਈ ਜਾਂਚ ਕਮੇਟੀ ਨੇ ਆਪਣੀ ਮੁੱਢਲੀ ਤੇ ਸੰਖੇਪ ਰਿਪੋਰਟ ਵਿਚ ਬਾਹਰ ਕੱਢੀ ਹੈ। ਇਹ ਗੱਲ ਵੀ ਵੱਡੀ ਗਿਣਤੀ ਸੰਗਤ ਦੇ ਮਨਾਂ ਨੂੰ ਚੁਭੀ ਹੈ ਕਿ ਧਰਮ ਦਾ ਰਾਖਾ ਬਣ ਕੇ ਸ਼੍ਰੋਮਣੀ ਕਮੇਟੀ ਦੀ ਸਰਪ੍ਰਸਤੀ ਕਰਦੀ ਆਈ ਅਕਾਲੀ ਲੀਡਰਸ਼ਿਪ ਇਤਿਹਾਸ ਵਿੱਚ ਪਹਿਲੀ ਵਾਰ ਇਸ ਸੰਕਟ ਨੂੰ ਆਪਣਾ ਸਮਝ ਕੇ ਹੱਲ ਕਰਨ ਤੋਂ ਟਾਲਾ ਵੱਟ ਰਹੀ ਹੈ, ਜਿਹੜਾ ਪਹਿਲਾਂ ਕਦੀ ਵੀ ਨਹੀਂ ਸੀ ਹੋਇਆ।

ਅਕਾਲੀ ਦਲ ਦੇ 100 ਸਾਲਾ ਇਤਿਹਾਸ ਵਿੱਚ ਸ਼੍ਰੋਮਣੀ ਕਮੇਟੀ ਦੀ ਹਰ ਸਰਗਰਮੀ ਇਸ ਪਾਰਟੀ ਦੀ ਰਾਜਸੀ ਸਰਗਰਮੀ ਦਾ ਹਿੱਸਾ ਬਣਦੀ ਰਹੀ ਹੈ। ਸ਼੍ਰੋਮਣੀ ਕਮੇਟੀ ਦੀ ਹੋਂਦ ਅਕਾਲੀ ਦਲ ਦੀਆਂ ਕੁਰਬਾਨੀਆਂ ਤੋਂ ਹੋਈ ਸੀ ਅਤੇ ਪਾਰਟੀ ਇਸ ਨੂੰ ਆਪਣੇ ਗੌਰਵਸ਼ਾਲੀ ਇਤਿਹਾਸ ਦੇ ਅਹਿਮ ਹਿੱਸੇ ਵਜੋਂ ਪ੍ਰਚਾਰਦੀ ਰਹੀ ਹੈ। 1999 ਵਿੱਚ ਮਨਾਏ ਗਏ ਖਾਲਸਾ ਸਾਜਣਾ ਦੇ 300 ਸਾਲਾਂ ਸਮਾਗਮਾਂ ਵਿੱਚ ਅਕਾਲੀ ਦਲ ਦਾ ਮੋਹਰੀ ਰੋਲ ਸੀ। ਅਕਾਲੀ ਦਲ ਵੱਲੋਂ ਸ਼ੁਰੂ ਕੀਤੇ ਧਰਮ ਯੁੱਧ ਮੋਰਚੇ ਵਿੱਚ ਸਿੱਖ ਧਰਮ ਨਾਲ ਸਬੰਧਤ ਕਈ ਮੰਗਾਂ ਸ਼ਾਮਲ ਸਨ। ਸਾਲ 2012 ਵਿੱਚ ਜਦ ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦਾ ਕਾਨੂੰਨ ਹਰਿਆਣਾ ਸਰਕਾਰ ਨੇ ਪਾਸ ਕੀਤਾ ਤਾਂ ਅਕਾਲੀ ਦਲ ਸੜਕਾਂ ਉਪਰ ਆਉਣ ਨੂੰ ਤਿਆਰ ਹੋ ਗਿਆ ਤੇ ਓਦੋਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਐਲਾਨ ਕਰ ਦਿੱਤਾ ਸੀ ਕਿ ਅਸੀਂ ਸਰਕਾਰ ਭਾਵੇਂ ਤੋੜਨ ਦਿਆਂਗੇ, ਸ਼੍ਰੋਮਣੀ ਕਮੇਟੀ ਨਹੀਂ ਤੋੜਨ ਦਿਆਂਗੇ। ਸਭ ਨੂੰ ਪਤਾ ਹੈ ਕਿ ਅਕਾਲੀ ਦਲ ਚੋਣਾਂ ਲੜਦਾ ਹੈ ਅਤੇ ਪਾਰਟੀ ਦਾ ਪ੍ਰਧਾਨ ਹੀ ਪਿਛਲੇ 20 ਸਾਲ ਤੋਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਥਾਪਦਾ ਰਿਹਾ ਹੈ। ਵਿਧਾਨ ਸਭਾ ਚੋਣ ਹੋਵੇ ਜਾਂ ਕੋਈ ਹੋਰ ਪਾਰਟੀ ਨੇ ਰੈਲੀਆਂ ਕਰਨੀਆਂ ਹੋਣ ਜਾਂ ਸਮਾਗਮ, ਹਮੇਸ਼ਾ ਪਾਰਟੀ ਪ੍ਰਧਾਨ, ਹਲਕਿਆਂ ਤੇ ਸਬੰਧਤ ਸ਼੍ਰੋਮਣੀ ਕਮੇਟੀ ਦੀਆਂ ਮੀਟਿੰਗਾਂ ਸੱਦ ਕੇ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਲਾਉਂਦੇ ਰਹੇ ਹਨ। ਸ਼੍ਰੋਮਣੀ ਕਮੇਟੀ ਵਿੱਚ ਅਹਿਮ ਅਹੁਦੇਦਾਰ ਤੇ ਅਧਿਕਾਰੀ ਅਕਾਲੀ ਲੀਡਰਸ਼ਿਪ ਦੀ ਮਰਜ਼ੀ ਨਾਲ ਲਗਦੇ ਹਨ। ਸ਼੍ਰੋਮਣੀ ਕਮੇਟੀ ਦਾ 2016 ਵਿੱਚ ਲਾਇਆ ਚੀਫ ਸੈਕਟਰੀ ਹਰਚਰਨ ਸਿੰਘ ਤੇ ਉਸ ਤੋਂ ਪਹਿਲਾਂ ਲਾਏ ਮੁੱਖ ਲੇਖਾਕਾਰ ਐਸ ਐਸ ਕੋਹਲੀ ਬਾਰੇ ਹਮੇਸ਼ਾਂ ਚਰਚਾ ਰਹੀ ਹੈ ਕਿ ਉਹ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਸਨ। ਸ਼੍ਰੋਮਣੀ ਕਮੇਟੀ ਉੱਤੇ ਕਬਜ਼ੇ ਲਈ ਅਕਾਲੀ ਲੀਡਰਸ਼ਿਪ ਨਿਸ਼ੰਗ ਹੋ ਕੇ ਸ਼੍ਰੋਮਣੀ ਕਮੇਟੀ ਵਿੱਚ ਆਪਣੇ ਭਾਰੂਪਣੇ ਨੂੰ ਸਿੱਖ ਜਗਤ ਆਪਣੀ ਮਜ਼ਬੂਤ ਪਕੜ ਦਾ ਪ੍ਰਮਾਣ ਦੱਸਦੀ ਰਹੀ ਹੈ।

ਅੱਜ ਜਦ ਸ਼੍ਰੋਮਣੀ ਕਮੇਟੀ ਵੱਡੇ ਅੰਦਰੂਨੀ ਸੰਕਟ 'ਚ ਘਿਰੀ ਹੋਈ ਹੈ ਅਤੇ ਉਸ ਦੀ ਭਰੋਸੇਯੋਗਤਾ ਉਪਰ ਸਵਾਲ ਉਠ ਰਹੇ ਹਨ ਤਾਂ ਇਸ ਮੌਕੇ ਅਕਾਲੀ ਲੀਡਰਸ਼ਿਪ ਵੱਲੋਂ ਮਸਲੇ ਨੂੰ ਅਣਗੌਲਿਆਂ ਕਰਨਾ ਤੇ ਏਹ ਸਮਝਣਾ ਕਿ ਆਪੇ ਸਮੇਂ ਨਾਲ ਇਸ ਮੁੱਦੇ ਉਪਰ ਮਿੱਟੀ ਪੈ ਜਾਵੇਗੀ, ਏਦਾਂ ਦਾ ਵਤੀਰਾ ਅਪਣਾਉਣਾ ਸਿੱਖ ਸੰਗਤ ਵਿੱਚ ਤੇ ਸਿਆਸੀ ਤੇ ਧਾਰਮਿਕ ਹਲਕਿਆਂ ਵਿੱਚ ਵੀ ਚਰਚਾ ਹੇਠ ਆਇਆ ਹੋਇਆ ਹੈ। ਇਹ ਸਵਾਲ ਉਠ ਰਹੇ ਹਨ ਕਿ ਕਮੇਟੀ ਦੇ ਸਿਆਸੀਕਰਨ ਨੇ ਹੀ ਇਸ ਦਾ ਪ੍ਰਬੰਧਕੀ ਕੰਮ ਬੁਰੀ ਤਰ੍ਹਾਂ ਨੁਕਸਾਨਿਆ ਹੈ, ਇਹ ਕੁਝ ਕਰਨ ਵਾਲੀ ਅਕਾਲੀ ਲੀਡਰਸ਼ਿਪ ਅੱਜ ਇੰਸ ਤੋਂ ਪੱਲਾ ਝਾੜ ਕੇ ਕਿਵੇਂ ਬਚ ਸਕੇਗੀ? ਵੱਡਾ ਸਵਾਲ ਇਹ ਹੈ ਕਿ ਨਵੀਂ ਅਕਾਲੀ ਲੀਡਰਸ਼ਿਪ ਪੰਜਾਬ ਦੇ ਵਿਲੱਖਣ ਇਤਿਹਾਸਕ, ਧਾਰਮਿਕ ਤੇ ਸਿਆਸੀ ਲਹਿਰਾਂ ਨੂੰ ਪਛਾਣਨ 'ਚ ਪਹਿਲਾਂ ਵਾਂਗ ਹੀ ਅਣਭਿੱਜ ਰਹੇਗੀ ਜਾਂ ਪਿਛਲੇ ਬੇਅਦਬੀ ਮਾਮਲੇ ਵਿੱਚੋਂ ਨਿਕਲਣ ਤੋਂ ਪਹਿਲਾਂ ਨਵੇਂ ਧਾਰਮਿਕ ਸੰਕਟ ਦਾ ਸ਼ਿਕਾਰ ਹੋਣ ਵੱਲ ਵੱਧਦੀ ਰਹੇਗੀ।

ਅਕਾਲੀ ਲੀਡਰਸ਼ਿਪ ਵੱਲੋਂ ਆਪਣਾਏ ਵਤੀਰੇ ਉਪਰ ਦਲ ਦੇ ਅੰਦਰ ਵੀ ਵੱਡੀ ਹੈਰਾਨਗੀ ਪ੍ਰਗਟਾਈ ਜਾ ਰਹੀ ਹੈ ਤੇ ਵਰਕਰ ਤੇ ਆਗੂ ਇਸ ਤੋਂ ਨਾਖੁਸ਼ ਹਨ। ਆਪ ਸਹੇੜੇ ਹੋਏ ਸੰਕਟ ਮੌਕੇ ਇਹ ਵਤੀਰਾ ਜਾਇਜ਼ ਨਹੀਂ। ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪਾਰਟੀ ਨੇ ਇਨ੍ਹਾਂ ਦੋਸ਼ਾਂ ਦੀ ਜਾਂਚ ਕਰਵਾਉਣ 'ਤੇ ਸਖਤ ਕਾਰਵਾਈ ਲਈ ਸ਼੍ਰੋਮਣੀ ਕਮੇਟੀ ਨੂੰ ਪਾਰਦਰਸ਼ਤਾ ਨਾਲ ਕੰਮ ਕਰਨ ਨੂੰ ਕਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਕਾਨੂੰਨ ਹੇਠ ਬਣੀ ਇੱਕ ਖੁਦਮੁਖਤਿਆਰ ਸੰਸਥਾ ਹੈ। ਅਸੀਂ ਨਹੀਂ ਚਾਹੁੰਦੇ ਕਿ ਉਸ ਦੇ ਅੰਦਰੂਨੀ ਕੰਮਕਾਜ 'ਚ ਦਖਲ ਦਿੱਤਾ ਜਾਵੇ, ਅਸੀਂ ਇਹ ਚਾਹੁੰਦੇ ਹਾਂ ਕਿ ਦੋਸ਼ੀ ਪਾਇਆ ਜਾਣ ਵਾਲਾ ਕੋਈ ਵੀ ਨਾ ਬਖਸ਼ਿਆ ਜਾਵੇ।

## ਸਸਤੀ ਬਿਜਲੀ, ਮਹਿੰਗਾ ਕਰੰਟ : ਰਾਜਪੁਰਾ ਥਰਮਲ ਪਲਾਂਟ ਨੂੰ ਬਿਨਾਂ ਸੋਚੇ ਨਾ ਖਰੀਦੋ ਸਰਕਾਰ ਜੀ


ਪਟਿਆਲਾ, 14 ਸਤੰਬਰ (ਪੋਸਟ ਬਿਊਰੋ)- ਸਾਲ 2014 ਵਿੱਚ ਰਾਜਪੁਰਾ ਵਿਖੇ ਐਲ ਐਂਡ ਟੀ ਕੰਪਨੀ ਵੱਲੋਂ ਲਾਏ 1400 ਮੈਗਾਵਾਟ ਦੇ ਥਰਮਲ ਪਲਾਂਟ ਤੋਂ ਕਰੋੜਾਂ ਰੁਪਏ ਕਮਾ ਕੇ ਛੇ ਸਾਲ ਬਾਅਦ ਪਾਵਰਕਾਮ ਨੂੰ ਮਹਿੰਗੇ ਭਾਅ ਖਰੀਦਣ ਦੀ ਪੇਸ਼ਕਸ਼ ਕਰਨ ਨਾਲ ਕੰਪਨੀ ਇੱਕ ਵਾਰ ਫਿਰ ਅਰਬਾਂ ਰੁਪਏ ਕਮਾਉਣਾ ਚਾਹੁੰਦੀ ਹੈ। ਇਸ ਹਾਲਤ 'ਚ ਕਿਨਾਂ ਸੋਚੇ ਸਰਕਾਰ ਨੇ ਇਸ ਕੰਪਨੀ ਦੀ ਪ੍ਰਪੋਜ਼ਲ ਮੰਨ ਲਈ ਤਾਂ ਪੰਜਾਬ 'ਚ ਬਿਜਲੀ ਹੋਰ ਮਹਿੰਗੀ ਹੋ ਜਾਵੇਗੀ। ਖਪਤਕਾਰਾਂ 'ਤੇ ਇਸ ਦਾ ਸਿੱਧਾ ਬੋਝ ਵਧੇਗਾ, ਜਿਸ ਤੋਂ ਬਚਣ ਦੀ ਲੋੜ ਹੈ। ਪੀ ਐਸ ਈ ਬੀ ਇੰਜੀਨੀਅਰਜ਼ ਐਸੋਸੀਏਸ਼ਨ ਨੇ ਇਸ ਦੀ ਪੂਰੀ ਡੀਟੇਲ ਪ੍ਰਾਜੈਕਟ ਰਿਪੋਰਟ ਨਾਲ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਇਹ ਜਾਗਣ ਦਾ ਵੇਲਾ ਹੈ। ਜੇ ਅਸੀਂ ਨਾ ਜਾਗੇ ਤਾਂ ਪੰਜਾਬ ਦੇ ਖਪਤਕਾਰ ਨੂੰ ਹੋਰ ਮਹਿੰਗੀ ਬਿਜਲੀ ਦੀ ਚੱਕੀ 'ਚ ਪਿਸਣ ਤੋਂ ਕੋਈ ਨਹੀਂ ਰੋਕ ਸਕਦਾ। ਇਨ੍ਹਾਂ ਇੰਜੀਨੀਅਰਾਂ ਦੀ ਐਸੋਸੀਏਸ਼ਨ ਨੇ ਕਿਹਾ ਕਿ ਐਲ ਐਂਡ ਟੀ ਰਾਜਪੁਰਾ ਦਾ ਪਾਵਰ ਪਲਾਂਟ ਪੰਜਾਬ ਲਈ ਤਦ ਲਾਭਕਾਰੀ ਹੋਵੇਗਾ। ਜੇ ਇਸ ਦੇ ਮੌਜੂਦਾ ਮੁੱਲ ਅਤੇ ਭਵਿੱਖ ਦੇ ਖਰਚਿਆਂ ਨੂੰ ਧਿਆਨ 'ਚ ਰੱਖ ਕੇ ਕੀਮਤ ਦਾ ਸਹੀ ਮੁਲਾਂਕਣ ਕੀਤਾ ਜਾਵੇ। ਐਲ ਐਂਡ ਟੀ ਫਰਮ ਨੇ 1400 ਮੈਗਾਵਾਟ ਸਮਰੱਥਾ ਦੇ ਥਰਮਲ ਪਲਾਂਟ ਲਈ 2014 ਤੋਂ ਬਾਅਦ 8000 ਕਰੋੜ ਰੁਪਏ ਕੈਪਸਿਟੀ ਚਾਰਜਿਸ ਮਿਲਣ ਦੇ ਬਾਵਜੂਦ, 10,000 ਕਰੋੜ ਰੁਪਏ ਦੀ ਕੀਮਤ ਦਾ ਦਾਅਵਾ ਕੀਤਾ ਹੈ, ਜਿਸ ਵਿੱਚ ਇਕਵਿਟੀ ਵਜੋਂ 2688 ਕਰੋੜ ਰੁਪਏ ਅਤੇ 30 ਜੂਨ ਤੱਕ 7002 ਕਰੋੜ ਰੁਪਏ ਕਰਜ਼ਾ ਬਾਕੀ ਹੈ। ਜੇ ਰਾਜਪੁਰਾ ਥਰਮਲ ਉਪਰੋਕਤ ਪੇਸ਼ਕਸ਼ ਵਾਲੇ ਮੁੱਲ 'ਤੇ ਐਕੁਆਇਰ ਕੀਤਾ ਜਾਂਦਾ ਹੈ ਤਾਂ ਕਰਜ਼ੇ 'ਤੇ 9% ਸਾਲਾਨਾ ਵਿਆਜ ਨਾਲ ਪੀ ਐਸ ਪੀ ਸੀ ਐਲ ਨੂੰ 7000 ਕਰੋੜ ਰੁਪਏ ਤੋਂ 7500 ਕਰੋੜ ਰੁਪਏ ਅਨੁਮਾਨਤ ਵਾਧੂ ਦੇਣੇ ਹੋਣਗੇ। ਇਸ ਦਾ ਬੋਝ ਪੰਜਾਬ ਦੇ ਲੋਕਾਂ ਅਤੇ ਪੰਜਾਬ ਦੇ ਬਿਜਲੀ ਖੇਤਰ 'ਤੇ ਪਵੇਗਾ। ਇੰਜੀਨੀਅਰ ਐਸੋਸੀਏਸ਼ਨ ਦੇ ਨੇਤਾਵਾਂ ਨੇ ਤਰਕ ਪੇਸ਼ ਕੀਤਾ ਹੈ ਕਿ ਭਵਿੱਖ 'ਚ ਸਸਤੀ ਬਿਜਲੀ ਅਧਾਰਿਤ ਪਲਾਂਟ ਘੱਟ ਵਰਤੋਂ 'ਚ ਆਉਣਗੇ। ਇਸ ਥਰਮਲ ਪਲਾਂਟ ਦੇ 85 ਫੀਸਦੀ ਪਲਾਂਟ ਲੋਡ ਫੈਕਟਰ (ਪੀ ਐਲ ਐਫ) ਉੱਤੇ ਚੱਲਣ ਦੀ ਬਹੁਤ ਘੱਟ ਸੰਭਾਵਨਾ ਹੋਵੇਗੀ।

## ਪੁਰਤਗਾਲ ਵਿੱਚੋਂ ਕੁੜੀ ਵਿਆਹ ਪਿੱਛੋਂ ਆਸਟਰੇਲੀਆ ਨਹੀਂ ਪੁੱਜੀ, ਪੰਜਾਬੀ ਨੌਜਵਾਨ ਡਿਪੋਰਟ

ਪਟਿਆਲਾ, 14 ਸਤੰਬਰ (ਪੋਸਟ ਬਿਊਰੋ)- ਇੱਕ ਪੁਰਤਗਾਲੀ ਲੜਕੀ ਨਾਲ ਵਿਆਹ ਤੋਂ ਬਾਅਦ ਯੂਰਪ ਵਿੱਚ ਸੈਟਲ ਨਾ ਹੋਣ ਕਾਰਨ ਆਸਟਰੇਲੀਆ ਵਿੱਚ ਪੀ ਆਰ ਲੈਣ ਦਾ ਸੁਫਨਾ ਲੈ ਕੇ ਗਏ ਨੌਜਵਾਨ ਨਾਲ 33 ਲੱਖ ਰੁਪਏ ਦੀ ਠੱਗੀ ਹੋ ਗਈ ਹੈ, ਜਿਸ ਬਾਰੇ ਪੁਲਸ ਨੇ ਕੇਸ ਦਰਜ ਕਰ ਲਿਆ ਹੈ। ਪਤਾ ਲੱਗਾ ਹੈ ਕਿ ਦੋ ਸਾਲ ਪਹਿਲਾਂ ਵੀਜ਼ਾ ਲਵਾ ਕੇ ਲੜਕੀ ਯੂਰਪ ਚਲੀ ਗਈ ਅਤੇ ਲੜਕੇ ਦਾ ਆਸਟਰੇਲੀਆ ਦਾ ਵੀਜ਼ਾ ਲੱਗਣ ਕਾਰਨ ਉਹ ਉਥੇ ਚਲਾ ਗਿਆ, ਪਰ ਲੜਕੀ ਦੇ ਆਸਟਰੇਲੀਆ ਨਾ ਆਉਣ ਕਾਰਨ ਲੜਕੇ ਨੂੰ ਆਸਟਰੇਲੀਅਨ ਪੁਲਸ ਨੇ ਭਾਰਤ ਡਿਪੋਰਟ ਕਰ ਦਿੱਤਾ ਹੈ। ਥਾਣਾ ਸਿਵਲ ਲਾਈਨ ਦੀ ਪੁਲਸ ਨੇ ਲੜਕੇ ਦੀ ਮਾਤਾ ਪਰਮਜੀਤ ਕੌਰ, ਵਾਸੀ ਪਾਵਰ ਕਲੋਨੀ ਦੀ ਸ਼ਿਕਾਇਤ ਉੱਤੇ ਕਿਰਪਾਲ ਸਿੰਘ, ਵਾਸੀ ਜਨਤਾ ਨਗਰ, ਧੂਰੀ, ਸੰਗਰੂਰ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਪਰਮਜੀਤ ਕੌਰ ਨੇ ਦੱਸਿਆ ਕਿ ਉਸ ਦਾ ਬੇਟਾ ਮਨਿੰਦਰ ਸਿੰਘ ਮਲੇਸ਼ੀਆ ਵਿੱਚ ਨੌਕਰੀ ਕਰਦਾ ਸੀ। ਦੋ ਸਾਲ ਪਹਿਲਾਂ ਉਨ੍ਹਾਂ ਦੇ ਇੱਕ ਰਿਸ਼ਤੇਦਾਰ ਕਿਰਪਾਲ ਸਿੰਘ ਨੇ ਉਸ ਨੂੰ ਕਿਹਾ ਕਿ ਉਹ ਉਨ੍ਹਾਂ ਦੇ ਬੇਟੇ ਨੂੰ ਯੂਰਪੀ ਦੇਸ਼ ਵਿੱਚ ਪੱਕਾ ਕਰਵਾ ਦੇਵੇਗਾ। ਪਰਵਾਰ ਨੇ ਸਹਿਮਤ ਹੋ ਕੇ ਨਵੰਬਰ 2018 ਵਿੱਚ ਮਨਿੰਦਰ ਦਾ ਵਿਆਹ ਪੁਰਤਗਾਲ ਵਾਲੀ ਲੜਕੀ ਨਾਲ ਕਰਵਾ ਦਿੱਤਾ। ਵਿਆਹ ਤੋਂ ਬਾਅਦ ਲੜਕੀ ਫਿਰ ਪੁਰਤਗਾਲ ਚਲੀ ਗਈ ਅਤੇ ਮਨਿੰਦਰ ਨੂੰ ਯੂਰਪ ਭੇਜਣ ਲਈ ਉਨ੍ਹਾਂ ਨੇ ਕਿਰਪਾਲ ਸਿੰਘ ਅਤੇ ਉਸ ਦੇ ਰਿਸ਼ਤੇਦਾਰ ਦੇ ਖਾਤੇ ਵਿੱਚ 33 ਲੱਖ ਰੁਪਏ ਜਮ੍ਹਾਂ ਕਰਵਾ ਦਿੱਤੇ। ਇਸ ਤੋਂ ਬਾਅਦ ਮਨਿੰਦਰ ਦਾ ਆਸਟਰੇਲੀਆ ਦਾ ਵੀਜ਼ਾ ਲਵਾ ਦਿੱਤਾ ਗਿਆ ਤਾਂ ਕਿਰਪਾਲ ਨੇ ਕਿਹਾ ਕਿ ਉਹ ਆਸਟਰੇਲੀਆ ਜਾ ਕੇ ਆਪਣੀ ਪਤਨੀ ਨੂੰ ਉਥੇ ਬੁਲਾਵੇਗਾ ਅਤੇ ਉਸ ਨੂੰ ਪੀ ਆਰ ਮਿਲ ਜਾਵੇਗੀ। ਮਨਿੰਦਰ ਦੇ ਆਸਟਰੇਲੀਆ ਪਹੁੰਚਣ ਪਿੱਛੋਂ ਪੀ ਆਰ ਵਾਸਤੇ ਅਪਲਾਈ ਕਰਨ ਲਈ ਆਪਣੀ ਪਤਨੀ ਨੂੰ ਆਸਟਰੇਲੀਆ ਬੁਲਾਇਆ, ਪਰ ਉਹ ਉਥੇ ਨਹੀਂ ਆਈ। ਮਨਿੰਦਰ ਸਿੰਘ ਨੂੰ ਆਸਟਰੇਲੀਅਨ ਪੁਲਸ ਨੇ ਕਾਗਜ਼ਾਂ 'ਚ ਹੇਰਾਫੇਰੀ ਦੇ ਦੋਸ਼ ਵਿੱਚ ਗ੍ਰਿਫਤਾਰ ਕਰ ਲਿਆ ਅਤੇ ਕਰੀਬ ਇੱਕ ਸਾਲ ਬਾਅਦ ਉਸ ਨੂੰ ਆਸਟਰੇਲੀਆ ਤੋਂ ਡਿਪੋਰਟ ਕਰ ਦਿੱਤਾ। ਉਸ ਦੀ ਵਾਪਸੀ ਉੱਤੇ ਪਰਵਾਰ ਨੇ ਉਕਤ ਵਿਅਕਤੀਆਂ ਦੇ ਖਿਲਾਫ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ।

## ਭਾਰਤ ਨਾਲ ਗਲਵਾਨ ਝੜਪ ਵਿੱਚ ਮਾਰੇ ਗਏ ਸਨ ਚੀਨ ਦੇ 60 ਤੋਂ ਵੱਧ ਫੌਜੀ

* ਅਮਰੀਕੀ ਅਖਬਾਰ ਨਿਊਜ਼ ਵੀਕ ਦਾ ਖੁਲਾਸਾ



ਨਵੀਂ ਦਿੱਲੀ, 14 ਸਤੰਬਰ (ਪੋਸਟ ਬਿਊਰੋ)- ਲੱਦਾਖ ਦੀ ਗਲਵਾਨ ਘਾਟੀ ਵਿੱਚ ਭਾਰਤ-ਚੀਨ ਫੌਜਾਂ ਵਿਚਾਲੇ ਹਿੰਸਕ ਝੜਪ ਬਾਰੇ ਅਮਰੀਕੀ ਅਖਬਾਰ 'ਨਿਊਜ਼ ਵੀਕ' ਨੇ ਵੱਡਾ ਖੁਲਾਸਾ ਕੀਤਾ ਹੈ। ਆਪਣੇ ਲੇਖ ਵਿੱਚ 'ਨਿਊਜ਼ ਵੀਕ' ਨੇ ਕਿਹਾ ਹੈ ਕਿ 15 ਜੂਨ ਨੂੰ ਹੋਈ ਹਿੰਸਕ ਝੜਪ ਵਿੱਚ ਚੀਨ ਦੇ 60 ਤੋਂ ਵੱਧ ਫੌਜੀ ਮਾਰੇ ਗਏ।

ਦੱਸਿਆ ਜਾਂਦਾ ਹੈ ਕਿ ਭਾਰਤੀ ਖੇਤਰ ਵਿੱਚ ਹਮਲਾਵਰ ਗਤੀਵਿਧੀ ਦੇ ਮਾਸਟਰ ਮਾਈਂਡ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਸਨ, ਪਰ ਉਨ੍ਹਾਂ ਦੀ ਪੀਪੁਲਸ ਲਿਬਰੇਸ਼ਨ ਆਰਮੀ (ਪੀ ਐਲ ਏ) ਇਸ ਵਿੱਚ ਫਲਾਪ ਹੋ ਗਈ। ਲੇਖ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਸਰਹੱਦ ਉੱਤੇ ਪੀ ਐਲ ਏ ਦੀ ਨਾਕਾਮੀ ਦੇ ਨਤੀਜੇ ਚਿਰਾਂ ਵਾਲੇ ਹੋਣਗੇ। ਚੀਨੀ ਫੌਜ ਨੇ ਸ਼ੁਰੂ ਵਿੱਚ ਹੀ ਜਿਨਪਿੰਗ ਨੂੰ ਕਿਹਾ ਸੀ ਕਿ ਉਹ ਫੌਜ ਵਿੱਚੋਂ ਵਿਰੋਧੀਆਂ ਨੂੰ ਬਾਹਰ ਕਰਨ ਅਤੇ ਵਫਾਦਾਰਾਂ ਨੂੰ ਭਰਤੀ ਕਰਨ 'ਤੇ ਜ਼ੋਰ ਦੇਣ। ਜਾਹਿਰ ਹੈ ਕਿ ਇਸ ਗੱਲ ਦਾ ਨਤੀਜਾ ਇਹ ਹੋਵੇਗਾ ਕਿ ਕੁਝ ਵੱਡੇ ਅਫਸਰਾਂ 'ਤੇ ਵੀ ਗਾਜ ਡਿੱਗੇਗੀ। ਮਹੱਤਵ ਪੂਰਨ ਗੱਲ ਇਹ ਹੈ ਕਿ ਇਸ ਅਸਫਲਤਾ ਕਾਰਨ ਚੀਨ ਦੇ ਸ਼ਾਸਕ ਸ਼ੀ ਜਿਨਪਿੰਗ ਭਾਰਤ ਦੇ ਖਿਲਾਫ ਹੋਰ ਹਮਲਾਵਰ ਕਦਮ ਚੁੱਕਣ ਦੇ ਲਈ ਉਤੇਜਿਤ ਹੋਣਗੇ।

## ਸੁਪਰੀਮ ਕੋਰਟ ਨੂੰ ਬਜ਼ੁਰਗ ਔਰਤ ਵੱਲੋਂ ਕਾਨੂੰਨ ਦੀ ਪੜ੍ਹਾਈ ਲਈ ਆਗਿਆ ਦੀ ਅਪੀਲ



ਨਵੀਂ ਦਿੱਲੀ, 14 ਸਤੰਬਰ (ਪੋਸਟ ਬਿਊਰੋ)- ਕਾਨੂੰਨ ਦੀ ਪੜ੍ਹਾਈ ਕਰਨ ਲਈ 77 ਸਾਲਾ ਮਹਿਲਾ ਨੇ ਬਾਰ ਕੌਂਸਲ ਆਫ ਇੰਡੀਆ (ਬੀ ਸੀ ਆਈ) ਦੇ ਨਿਯਮਾਂ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਉਨ੍ਹਾਂ ਨੇ ਕਾਨੂੰਨ ਦੀ ਪੜ੍ਹਾਈ ਦੇ ਲਈ ਕਾਲਜ ਵਿੱਚ ਦਾਖਲੇ ਲਈ ਵੱਧ ਤੋਂ ਵੱਧ ਉਮਰ ਹੱਦ ਤੀਹ ਸਾਲ ਨੂੰ ਖਤਮ ਕਰਨ ਦੀ ਮੰਗ ਕੀਤੀ ਅਤੇ ਬੀ ਸੀ ਆਈ ਦੇ ਨਿਯਮਾਂ ਨੂੰ ਚੁਣੌਤੀ ਵਾਲੀ ਪਹਿਲਾਂ ਤੋਂ ਪੈਂਡਿੰਗ ਪਟੀਸ਼ਨ 'ਤੇ ਕੋਰਟ ਨੂੰ ਦਖਲ ਦੇਣ ਦੀ ਅਪੀਲ ਕੀਤੀ ਹੈ।

ਉੱਤਰ ਪ੍ਰਦੇਸ਼ ਦੇ ਸਾਹਿਬਾਬਾਦ ਦੀ ਵਸਨੀਕ 77 ਸਾਲਾ ਰਾਜ ਕੁਮਾਰੀ ਤ੍ਰਿਆਗੀ ਨੂੰ ਜਦੋਂ ਤਿੰਨ ਸਾਲ ਦੇ ਐਲ ਐਲ ਬੀ ਦੇ ਕੋਰਸ ਲਈ ਦਾਖਲਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਤਾਂ ਉਨ੍ਹਾਂ ਨੇ ਇੱਕ ਪਟੀਸ਼ਨ ਦਾਇਰ ਕੀਤੀ ਹੈ। ਬੀ ਸੀ ਆਈ ਦੇ ਨਿਯਮਾਂ ਮੁਤਾਬਕ ਐਲ ਐਲ ਬੀ ਦੇ ਤਿੰਨ ਸਾਲਾ ਕੋਰਸ ਲਈ ਵੱਧ ਤੋਂ ਵੱਧ ਉਮਰ ਹੱਦ 20 ਸਾਲ ਹੈ, ਜਦ ਕਿ ਤਿੰਨ ਸਾਲ ਦੇ ਐਲ ਐਲ ਬੀ ਕੋਰਸ ਲਈ ਵੱਧ ਤੋਂ ਵੱਧ ਉਮਰ ਹੱਦ ਤੀਹ ਸਾਲ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਉਸ ਦੇ ਪਤੀ ਦੇ ਦਿਹਾਂਤ ਤੋਂ ਬਾਅਦ ਉਸ ਦੀ ਅਚਲ ਜਾਇਦਾਦ ਨੂੰ ਸੰਭਾਲਣ ਲਈ ਉਸ ਦੀ ਕਾਨੂੰਨ ਦੀ ਪੜ੍ਹਾਈ ਵਿੱਚ ਰੁਚੀ ਵਧ ਗਈ। ਉਸ ਨੂੰ ਇਸ ਦੌਰਾਨ ਕਈ ਕਾਨੂੰਨੀ ਅੜਚਣਾਂ ਦਾ ਸਾਹਮਣਾ ਕਰਨਾ ਪਿਆ ਅਤੇ ਉਸ ਨੂੰ ਹਰ ਪੜਾਅ 'ਤੇ ਇੱਕ ਵਕੀਲ ਦੀ ਲੋੜ ਮਹਿਸੂਸ ਹੋਈ, ਚਾਹੇ ਉਹ ਵਸੀਅਤ ਨਾਲ ਸਬੰਧਤ ਕਾਨੂੰਨ ਹੋਵੇ ਜਾਂ ਫਿਰ ਦਸਤਾਵੇਜ਼ਾਂ ਰਾਹੀਂ ਪਛਾਣ ਸਾਬਤ ਕਰਨੀ ਹੋਵੇ। ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਬੀ ਸੀ ਆਈ ਦੇ ਨਵੇਂ ਨਿਯਮਾਂ ਨਾਲ ਸਮਾਨਤਾ ਦੇ ਅਧਿਕਾਰ ਦੀ ਉਲੰਘਣਾ ਹੁੰਦੀ ਹੈ। ਪਟੀਸ਼ਨਰ ਤ੍ਰਿਆਗੀ ਨੇ ਅਦਾਲਤ ਨੂੰ ਕਿਹਾ ਕਿ ਉਸ ਨੂੰ ਧਾਰਾ 21 ਹੇਠ ਕਿਸੇ ਵੀ ਸੰਸਥਾ ਜਾਂ ਆਪਣੀ ਪਸੰਦ ਦੇ ਕਾਲਜ ਤੋਂ ਕਾਨੂੰਨ ਦੀ ਸਿੱਖਿਆ ਗ੍ਰਹਿਣ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ।

## ਮੇਰੀ ਖਾਮੋਸ਼ੀ ਨੂੰ ਕਮਜ਼ੋਰੀ ਨਾ ਸਮਝੋ: ਊਧਵ ਠਾਕਰੇ



ਮੁੰਬਈ, 14 ਸਤੰਬਰ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੇ ਕਿਹਾ ਹੈ ਕਿ ਮਹਾਰਾਸ਼ਟਰ ਨੂੰ ਬਦਨਾਮ ਕਰਨ ਦੀ ਇੱਕ ਸਾਜ਼ਿਸ਼ ਚੱਲ ਰਹੀ ਹੈ ਅਤੇ ਜੋ ਰਾਜਨੀਤਕ ਤੂਫਾਨ ਆਵੇਗਾ, ਮੈਂ ਉਸ ਦਾ ਸਾਹਮਣਾ ਕਰੂੰਗਾ, .. ਮੈਂ ਕੋਰੋਨਾ ਵਾਇਰਸ ਨਾਲ ਵੀ ਮੁਕਾਬਲਾ ਕਰਾਂਗਾ। ਫਿਲਮ ਅਭਿਨੇਤਰੀ ਕੰਗਨਾ ਰਣੌਤ ਦੇ ਮੁੰਬਈ ਵਾਲੇ ਦਫਤਰ ਦੇ ਇੱਕ ਹਿੱਸੇ ਨੂੰ ਢਾਹੁਣ ਅਤੇ ਅਭਿਨੇਤਾ ਸੁਸ਼ਾਂਤ ਸਿੰਘ ਰਾਜਪੂਤ ਮੌਤ ਦੇ ਕੇਸ ਵਿੱਚ ਸੂਬਾ ਸਰਕਾਰ ਦੇ ਕਦਮਾਂ ਬਾਰੇ ਹੋ ਰਹੀ ਨਿਖੇਧੀ ਦੇ ਪਿਛੋਕੜ ਵਿੱਚ ਊਧਵ ਠਾਕਰੇ ਨੇ ਕਿਹਾ ਕਿ ਇਸ ਰਾਜਨੀਤਕ ਤੂਫਾਨ ਦਾ ਵੀ ਨਜਿੱਠ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਰਾਜਨੀਤੀ 'ਤੇ ਜਵਾਬ ਦੇਣ ਲਈ ਮੈਨੂੰ ਮੁੱਖ ਮੰਤਰੀ ਦਾ ਮਖੌਟਾ ਉਤਾਰਨਾ ਹੋਵੇਗਾ। ਮੈਂ ਨਹੀਂ ਬੋਲਦਾ ਇਹ ਮਤਲਬ ਇਹ ਨਹੀਂ ਕਿ ਮੇਰੇ ਕੋਲ ਜਵਾਬ ਨਹੀਂ ਹੈ। ਉਨ੍ਹਾਂ ਕਿਹਾ ਕਿ ਮੇਰੀ ਖਾਮੋਸ਼ੀ ਨੂੰ ਕਮਜ਼ੋਰੀ ਨਾ ਸਮਝੋ। ਮਹਾਰਾਸ਼ਟਰ ਵਿੱਚ ਕੋਰੋਨਾ ਵਾਇਰਸ ਦੇ ਮਾਮਲੇ 10 ਲੱਖ ਤੋਂ ਪਾਰ ਹੋਣ ਤੋਂ ਇੱਕ ਦਿਨ ਪਿੱਛੋਂ ਠਾਕਰੇ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਮਹਾਂਮਾਰੀ ਨਾਲ ਨਜਿੱਠਣ ਲਈ ਪ੍ਰਭਾਵਸ਼ਾਲੀ ਕਾਰਜ ਕੀਤਾ ਹੈ।

ਸ਼ਿਵ ਸੈਨਾ ਨੇਤਾ ਸੰਜੇ ਰਾਊਤ ਨੇ ਕਿਹਾ ਕਿ ਇਹ ਬਦਕਿਸਮਤੀ ਹੈ ਕਿ ਭਾਜਪਾ ਮੁੰਬਈ ਦੀ ਤੁਲਨਾ ਮਕਬੂਜ਼ਾ ਕਸ਼ਮੀਰ (ਪੀ ਓ ਕੇ) ਨਾਲ ਕਰਨ ਵਾਲੀ ਅਭਿਨੇਤਰੀ ਕੰਗਨਾ ਰਣੌਤ ਦੀ ਹਮਾਇਤ ਕਰ ਰਹੀ ਹੈ। ਇਹ ਬਿਹਾਰ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾ ਰਿਹਾ ਹੈ। ਸ਼ਿਵ ਸੈਨਾ ਦੇ ਮੁੱਖ ਪੱਤਰ 'ਸਾਮਨਾ' ਵਿੱਚ ਰਾਊਤ ਨੇ ਦਾਅਵਾ ਕੀਤਾ ਕਿ ਮੁੰਬਈ ਦੇ ਮਹੱਤਵ ਨੂੰ ਘੱਟ ਕਰਨ ਦੀ ਕੋਸ਼ਿਸ਼ ਸਿਸਟੇਮੈਟਿਕ ਤਰੀਕੇ ਨਾਲ ਚੱਲ ਰਹੀ ਹੈ ਅਤੇ ਸ਼ਹਿਰ ਨੂੰ ਬਦਨਾਮ ਕਰਨਾ ਇਸੇ ਸਾਜ਼ਿਸ਼ ਦਾ ਹਿੱਸਾ ਹੈ।

## ਜਹਾਜ਼ 'ਚ ਫ਼ੋਟੋ, ਵੀਡੀਓ ਦੀ ਪ੍ਰਵਾਨਗੀ

ਨਵੀਂ ਦਿੱਲੀ, 14 ਸਤੰਬਰ (ਪੋਸਟ ਬਿਊਰੋ)- ਭਾਰਤ ਦੇ ਹਵਾਈ ਡਾਇਰੈਕਟੋਰੇਟ (ਡੀ ਜੀ ਸੀ ਏ) ਨੇ ਸਪੱਸ਼ਟ ਕੀਤਾ ਹੈ ਕਿ ਯਾਤਰੀ ਜਹਾਜ਼ ਦੇ ਅੰਦਰ ਫ਼ੋਟੋ ਖਿੱਚ ਸਕਦੇ ਅਤੇ ਵੀਡੀਓ ਬਣਾ ਸਕਦੇ ਹਨ, ਪਰ ਉਹ ਅਜਿਹੇ ਰਿਕਾਰਡਿੰਗ ਜੰਤਰਾਂ ਦੀ ਵਰਤੋਂ ਨਹੀਂ ਕਰ ਸਕਦੇ ਜਿਨ੍ਹਾਂ ਨਾਲ ਅਫੜਾ-ਤਫੜੀ ਹੋਵੇ, ਉਡਾਣ ਵਿੱਚ ਰੁਕਾਵਟ ਆਵੇ, ਸੁਰੱਖਿਆ ਦਾ ਉਲੰਘਣ ਹੋਣ ਜਾਂ ਫਿਰ ਚਾਲਕ ਦਲ ਦੇ ਮੈਂਬਰਾਂ ਵੱਲੋਂ ਪਾਬੰਦੀਸ਼ੁਦਾ ਹੋਣ।


ਇਸ ਤੋਂ ਪਹਿਲਾਂ ਇੱਕ ਦਿਨ ਪਹਿਲਾਂ ਨਿਯਮਾਂ ਵਿੱਚ ਕਿਹਾ ਗਿਆ ਸੀ ਕਿ ਜੇ ਕਿਸੇ ਜਹਾਜ਼ ਅੰਦਰ ਫ਼ੋਟੋ ਲੈਂਦੇ ਹੋਏ ਮੁਸਾਫਰ ਵੇਖੇ ਗਏ ਤਾਂ ਸਬੰਧਤ ਉਡਾਣ ਰੂਟ ਦੋ ਹਫ਼ਤੇ ਲਈ ਸਸਪੈਂਡ ਕਰ ਦਿੱਤਾ ਜਾਵੇਗਾ। ਦੋ ਦਿਨ ਪਹਿਲਾਂ ਨਾਗਰਿਕ ਹਵਾਈ ਡਾਇਰੈਕਟੋਰੇਟ ਨੇ ਇੰਡੀਗੋ ਦੀ ਚੰਡੀਗੜ੍ਹ-ਮੁੰਬਈ ਉਡਾਣ ਦੌਰਾਨ ਮੀਡੀਆ ਵੱਲੋਂ ਸੁਰੱਖਿਆ ਦੀ ਉਲੰਘਣਾ ਅਤੇ ਸਮਾਜਕ ਦੂਰੀ ਨਿਯਮਾਂ ਦਾ ਪਾਲਣ ਨਾ ਕਰਨ 'ਤੇ ਉਸ ਖਿਲਾਫ ਏਅਰ ਲਾਈਨ ਨੂੰ ਯੋਗ ਕਾਰਵਾਈ ਲਈ ਕਿਹਾ ਸੀ। ਉਸ ਉਡਾਣ ਵਿੱਚ ਅਭਿਨੇਤਰੀ ਕੰਗਨਾ ਰਣੌਤ ਸੀ। 9 ਸਤੰਬਰ ਦੀ ਉਡਾਣ ਦੇ ਵੀਡੀਓ ਅਨੁਸਾਰ ਰਿਪੋਰਟਰ ਤੇ ਕੈਮਰਾ ਮੈਨ ਨੇ ਰਣੌਤ ਦੀ ਟਿੱਪਣੀ ਲਈ ਧੱਕਾ ਮੁੱਕੀ ਕੀਤੀ। ਓਦੋਂ ਰਣੌਤ ਜਹਾਜ਼ ਦੀ ਅਗਲੀ ਕਤਾਰ ਦੀ ਸੀਟ 'ਤੇ ਬੈਠੀ ਸੀ।

## ਆਪਣੇ ਪਿੰਡ ਪਾਣੀ ਲਿਆਉਣ ਲਈ ਹਿੰਮਤੀ ਬੰਦੇ ਨੇ ਨਹਿਰ ਪੁੱਟੀ

ਪਟਨਾ, 14 ਸਤੰਬਰ (ਪੋਸਟ ਬਿਊਰੋ)- ਪਟਨਾ ਜ਼ਿਲੇ ਦੇ ਗਯਾ ਜ਼ਿਲ੍ਹੇ ਦੇ ਇੱਕ ਵਾਸੀ ਨੇ ਆਪਣੇ ਪਿੰਡ ਦੇ ਖੇਤਾਂ ਵਿੱਚ ਸਿੰਚਾਈ ਲਈ ਪਾਣੀ ਲਿਆਉਣ ਲਈ ਪੰਜ ਕਿਲੋਮੀਟਰ ਲੰਬੀ ਨਹਿਰ ਪੁੱਟ ਦਿੱਤੀ ਹੈ, ਪਰ ਇਸ ਕੰਮ ਵਿੱਚ ਉਸ ਨੂੰ ਵੀਹ ਸਾਲ ਲੱਗ ਗਏ। ਇਮਾਮ ਗੰਜ ਅਤੇ ਬਾਂਕੇ ਬਾਜ਼ਾਰ ਬਲਾਕ ਦੀ ਸੀਮਾ 'ਤੇ ਵੱਸੇ ਕੋਲਿਥਵਾ ਪਿੰਡ ਦੇ ਲੌਂਗੀ ਭੁਈਆਂ ਦੇ ਇਸ ਸਾਹਸ ਭਰੇ ਕੰਮ ਨੇ ਬਿਹਾਰ ਦੇ ਹੀ ਇੱਕ ਮੂਲ ਵਾਸੀ 'ਮਾਊਂਟੇਨ ਮੈਨ' ਦਸ਼ਰਥ ਮਾਂਝੀ ਦੀ ਯਾਦ ਤਾਜ਼ਾ ਕਰ ਦਿੱਤੀ ਹੈ, ਜਿਸ ਨੇ 22 ਸਾਲ ਤੱਕ ਸਖਤ ਮਿਹਨਤ ਕਰ ਕੇ ਇੱਕ ਪਹਾੜ ਨੂੰ ਚੀਰ ਕੇ ਆਪਣੇ ਪਿੰਡ ਲਈ ਸੜਕ ਬਣਾ ਦਿੱਤੀ ਸੀ। ਇਹ ਦਸ਼ਰਥ ਦੀ ਮਿਹਨਤ ਦਾ ਨਤੀਜਾ ਸੀ ਕਿ ਉਨ੍ਹਾਂ ਦੇ ਪਿੰਡ ਤੋਂ ਕਸਬਾਈ ਬਾਜ਼ਾਰ ਵਜ਼ੀਰ ਗੰਜ ਦੀ ਦੂਰੀ 55 ਕਿਲੋਮੀਟਰ ਤੋਂ 15 ਕਿਲੋਮੀਟਰ ਰਹਿ ਗਈ ਸੀ।

ਗਯਾ ਦੇ ਲੋਕਾਂ ਨੇ ਜਦ ਸੋਕੇ ਦੀ ਮਾਰ ਕਾਰਨ ਪਿੰਡ ਦੇ ਨੌਜਵਾਨਾਂ ਨੂੰ ਬਾਹਰ ਜਾਂਦੇ ਦੇਖਿਆ ਤਾਂ ਉਨ੍ਹਾਂ ਨੇ ਇਹ ਕੰਮ ਕਰਨ ਦੀ ਠਾਣੀ ਸੀ। ਗ੍ਰਾਮ ਪ੍ਰਧਾਨ ਵਿਸ਼ਣੂਪਤ ਭੋਕਤਾ ਨੇ ਕਿਹਾ ਕਿ ਅਗਸਤ 2001 ਵਿੱਚ ਉਸ ਨੇ ਬਾਗੇਠਾ ਸਹਿਵਾਸੀ ਜੰਗਲ ਵਿੱਚ ਇੱਕ ਕੁਦਰਤੀ ਜਲ ਸਰੋਤ ਤੋਂ ਪਿੰਡ ਤੱਕ ਨਹਿਰ ਪੁੱਟਣ ਦਾ ਫੈਸਲਾ ਕੀਤਾ। ਪਿੰਡ ਵਾਸੀ ਆਮ ਤੌਰ 'ਤੇ ਆਪਣੇ ਪਸ਼ੂਆਂ ਨੂੰ ਪਾਣੀ ਪਿਆਉਣ ਲਈ ਉਥੇ ਲੈ ਕੇ ਜਾਂਦੇ ਸਨ। ਲੌਂਗੀ ਜਾਣਦਾ ਸੀ ਕਿ ਉਸ ਦਾ ਪਾਣੀ ਸਰੋਤ ਪਿੰਡ ਵਾਸੀਆਂ ਦੇ ਖੇਤਾਂ ਵਿੱਚ ਸਿੰਚਾਈ ਲਈ ਲੋੜੀਂਦਾ ਸੀ ਪਰ ਪਿੰਡ ਤੱਕ ਇਸ ਦਾ ਪਾਣੀ ਪਹੁੰਚਣਾ ਵੱਡੀ ਚੁਣੌਤੀ ਸੀ ਉਨ੍ਹਾਂ ਨੇ ਕਿਹਾ, 'ਲੌਂਗੀ ਨੇ ਇੱਕ ਜ਼ਮੀਨੀ ਸਰਵੇਖਣ ਕੀਤਾ ਅਤੇ ਨਹਿਰ ਦੇ ਲਈ ਰਸਤੇ ਦੀ ਨਿਸ਼ਾਨ ਦੇਹੀ ਕੀਤੀ। ਵੀਹ ਸਾਲ ਤੱਕ ਲਗਾਤਾਰ ਕੰਮ ਦੇ ਬਾਅਦ ਉਸ ਨੇ ਚਾਰ ਫੁੱਟ ਚੌੜੀ ਅਤੇ ਤਿੰਨ ਫੁੱਟ ਡੂੰਘੀ ਨਹਿਰ ਪੁੱਟ ਲਈ। ਦਸ਼ਰਥ ਮਾਂਝੀ ਦੀ ਤਰ੍ਹਾਂ ਪਿੰਡ ਵਾਸੀਆਂ ਨੇ ਉਸ ਨੂੰ ਵੀ 'ਪਾਗਲ' ਕਿਹਾ, ਕਿਉਂਕਿ ਉਹ ਖੁਦਾਈ ਦੇ ਲਈ ਪ੍ਰਾਚੀਨ ਜੰਤਰਾਂ ਦੀ ਵਰਤੋਂ ਕਰ ਰਿਹਾ ਸੀ।' ਉਸ ਨੇ ਕਿਹਾ, 'ਉਸ ਦੇ ਅਣਥੱਕ ਯਤਨਾਂ ਨੂੰ ਦੇਖਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਵੀ ਮਦਦ ਦੇ ਲਈ ਅੱਗੇ ਆਇਆ ਅਤੇ ਅੰਚਲੱਕ ਪ੍ਰਸ਼ਾਸਨ ਨੇ ਇਸ ਦਾ ਨਾਂ ਲੌਂਗੀ ਨਹਿਰ ਰੱਖ ਦਿੱਤਾ ਹੈ। ਉਨ੍ਹਾਂ ਨੇ ਗਰਮੀਆਂ ਦੇ ਲਈ ਬਾਰਿਸ਼ ਦਾ ਪਾਣੀ ਇਕੱਠਾ ਕਰਨ ਲਈ ਛੋਟਾ ਤਾਲਾਬ ਵੀ ਪੁੱਟਿਆ ਹੈ।'

## ਮਹਿਲਾ ਡਿਪਟੀ ਕਮਿਸ਼ਨਰ ਨੇ ਵਿਆਹ ਲਈ ਵੀ ਛੁੱਟੀ ਨਹੀਂ ਲਈ



ਗੁਹਾਟੀ, 14 ਸਤੰਬਰ (ਪੋਸਟ ਬਿਊਰੋ)- ਕੋਰੋਨਾ ਵਾਇਰਸ ਖਿਲਾਫ ਜੰਗ 'ਚ ਮੋਹਰੀ ਭੂਮਿਕਾ ਨਿਭਾਅ ਰਹੀ ਆਸਾਮ ਦੇ ਕਚਾਰ ਜ਼ਿਲੇ ਦੀ ਡਿਪਟੀ ਕਮਿਸ਼ਨਰ ਕੀਰਤੀ ਜੱਲੀ ਨੇ ਫਰਜ਼ ਦੀ ਮਿਸਾਲ ਪੇਸ਼ ਕੀਤੀ ਹੈ। ਉਸ ਨੇ ਆਪਣੇ ਵਿਆਹ ਲਈ ਹੈਦਰਾਬਾਦ ਜਾਣ ਤੋਂ ਇਨਕਾਰ ਕਰ ਦਿੱਤਾ ਤੇ ਪਰਵਾਰ ਨੂੰ ਕਿਹਾ ਕਿ ਉਸ ਕੋਲ ਇੱਕ ਦਿਨ ਦੀ ਛੁੱਟੀ ਲੈਣ ਦੀ ਵੀ ਵਿਹਲ ਨਹੀਂ। ਉਂਝ ਉਸ ਨੇ ਇੰਨਾ ਜ਼ਰੂਰ ਕਿਹਾ ਕਿ ਉਹ ਵਿਆਹ ਕਰਾਉਣ ਲਈ ਤਿਆਰ ਹੈ, ਪਰ ਲਾੜੇ ਨੂੰ ਉਸ ਦੀ ਸਰਕਾਰੀ ਰਿਹਾਇਸ਼ ਸਿਲਚਰ ਵਿੱਚ ਆ ਕੇ ਵਿਆਹ ਕਰਵਾਉਣਾ ਪਵੇਗਾ।

ਜੱਲੀ ਨੇ ਦੱਸਿਆ, 'ਮੈਂ ਆਪਣੇ ਵਿਆਹ ਦੀ ਲਈ ਛੁੱਟੀ ਲੈਣ ਬਾਰੇ ਸੋਚ ਵੀ ਨਹੀਂ ਸਕਦੀ ਸੀ। ਮੇਰੀ ਜ਼ਿੰਦਗੀ ਦਾ ਇਹ ਖ਼ਾਸ ਭਾਵੇਂ ਸਭ ਤੋਂ ਅਹਿਮ ਪਲ ਹੈ, ਪਰ ਮੈਂ ਜ਼ਿਲ੍ਹੇ ਤੋਂ ਬਾਹਰ ਜਾਣ ਬਾਰੇ ਨਹੀਂ ਸੋਚ ਸਕਦੀ ਜਿੱਥੇ ਔਸਤ 100 ਕੇਸ ਆ ਰਹੇ ਹਨ ਤੇ ਮੈਂ ਜ਼ਿੰਦਗੀ ਬਚਾਉਣ ਲੱਗੀ ਹੋਈ ਹਾਂ।' ਉਸ ਦੇ ਸਹੁਰਾ ਪਰਵਾਰ ਖਾਸ ਕਰ ਕੇ ਲਾੜੇ ਆਦਿੱਤਿਆ ਸ਼ਸ਼ੀਕਾਂਤ ਨੇ ਜੱਲੀ ਦੇ ਫੈਸਲੇ ਦੀ ਸ਼ਲਾਘਾ ਕੀਤੀ ਅਤੇ ਸਿਲਚਰ ਆ ਕੇ ਇਕਾਂਤਵਾਸ 'ਚ ਰਿਹਾ ਅਤੇ ਪਿਛਲੇ ਬੁੱਧਵਾਰ ਆਸਾਮ ਦੀ ਸਰਕਾਰੀ ਛੁੱਟੀ ਸਮੇਂ ਸਾਦੇ ਢੰਗ ਨਾਲ ਵਿਆਹ ਕਰਾਇਆ। ਕਰੀਬ 800 ਰਿਸ਼ਤੇਦਾਰਾਂ ਤੇ ਦੋਸਤਾਂ ਨੇ ਜ਼ੂਮ ਵੀਡੀਓ ਐਪ ਰਾਹੀਂ ਵਿਆਹ ਵਿੱਚ ਸ਼ਿਰਕਤ ਕੀਤੀ।



# ਬ੍ਰਿਟੇਨ ਦੇ ਦੋਵਾਂ ਪਾਰਟੀਆਂ ਦੇ ਦੋ ਸਾਬਕਾ ਪ੍ਰਧਾਨ ਮੰਤਰੀਆਂ ਵੱਲੋਂ ਸਰਕਾਰ ਦਾ ਵਿਰੋਧ

* ਬ੍ਰੈਗਜ਼ਿਟ ਸਮਝੌਤੇ ਨੂੰ ਨਕਾਰਨ ਨੂੰ ਗਲਤ ਕਿਹਾ
* ਪਾਰਲੀਮੈਂਟ ਮੈਂਬਰਾਂ ਨੂੰ ਵਿਰੋਧ ਕਰਨ ਦਾ ਸਿੱਧਾ ਸੱਦਾ



ਲੰਡਨ, 14 ਸਤੰਬਰ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਯੂਰਪੀ ਯੂਨੀਅਨ ਨਾਲ ਪਹਿਲਾਂ ਕੀਤੇ ਗਏ ਬ੍ਰੈਗਜ਼ਿਟ ਸਮਝੌਤੇ ਨੂੰ ਬਦਲਣ ਲਈ ਤਿਆਰ ਹੋਈ ਬੈਠੀ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਦੀ ਸਰਕਾਰ ਵਿਰੁੱਧ ਦੋ ਸਾਬਕਾ ਪ੍ਰਧਾਨ ਮੰਤਰੀ ਖੜੇ ਹੋ ਗਏ ਹਨ। ਸਾਬਕਾ ਪ੍ਰਧਾਨ ਮੰਤਰੀਆਂ ਟੋਨੀ ਬਲੇਅਰ ਅਤੇ ਜੌਹਨ ਮੇਜਰ ਨੇ ਜੌਨਸਨ ਸਰਕਾਰ ਵੱਲੋਂ ਪੇਸ਼ ਕੀਤੇ ਜਾ ਰਹੇ ਬਿੱਲ ਦੇ ਵਿਰੋਧ ਵਿੱਚ ਪਾਰਲੀਮੈਂਟ ਮੈਂਬਰਾਂ ਨੂੰ ਵੋਟਿੰਗ ਕਰਨ ਦੀ ਅਪੀਲ ਕੀਤੀ ਹੈ।

ਵਰਨਣ ਯੋਗ ਹੈ ਕਿ ਟੋਨੀ ਬਲੇਅਰ ਵਿਰੋਧੀ ਲੇਬਰ ਪਾਰਟੀ ਦੇ ਤੇ ਜੌਹਨ ਮੇਜਰ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਦੇ ਆਗੂ ਹਨ। ਆਮ ਤੌਰ ’ਤੇ ਬ੍ਰਿਟੇਨ ਵਿੱਚ ਸਾਬਕਾ ਪ੍ਰਧਾਨ ਮੰਤਰੀ ਸਰਕਾਰ ਦੇ ਕੰਮਾਂ ਵਿੱਚ ਦਖਲ ਨਹੀਂ ਦਿੰਦੇ, ਪਰ ਯੂਰਪੀ ਯੂਨੀਅਨ ਨਾਲ ਬ੍ਰੈਗਜ਼ਿਟ ਸਮਝੌਤਾ ਰੱਦ ਕਰਰ ਕੇ ਨਵੇਂ ਵਪਾਰ ਪ੍ਰਬੰਧ ਕਰਨ ਵਾਲਾ ਇੰਟਰਨਲ ਮਾਰਕੀਟ ਬਿੱਲ ਅੱਜ ਸੋਮਵਾਰ ਹਾਊਸ ਆਫ ਕਾਮਨਜ਼ ਵਿੱਚ ਰੱਖਿਆ ਜਾ ਰਿਹਾ ਹੈ। ਸੱਤਾਧਾਰੀ ਪਾਰਟੀ ਦੇ ਸੀਨੀਅਰ ਆਗੂ ਜੌਹਨ ਮੇਜਰ ਨੇ ਹੀ ਉਸ ਦਾ ਵਿਰੋਧ ਕਰ ਦਿੱਤਾ ਹੈ। ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਦੇ ਨਾਲ ਉਨ੍ਹਾਂ ਕਿਹਾ ਹੈ ਕਿ ਜੇ ਇਹ ਬਿੱਲ ਪਾਸ ਹੋ ਗਿਆ ਤਾਂ ਭਵਿੱਖ ਵਿੱਚ ਹੋਣ ਵਾਲੀ ਹਰ ਤਰ੍ਹਾਂ ਦੀ ਸਮਝੌਤਾ ਵਾਰਤਾ ਵਿੱਚ ਇਸ ਦਾ ਮਾੜਾ ਪ੍ਰਭਾਵ ਪਵੇਗਾ। ਇਹ ਸਿਰਫ ਯੂਰਪੀ ਯੂਨੀਅਨ ਨਾਲ ਵਾਰਤਾਵਾਂ ਵਿੱਚ ਨਹੀਂ ਹੋਵੇਗਾ, ਸਗੋਂ ਹੋਰ ਦੇਸ਼ਾਂ ਨਾਲ ਵੀ ਹੋਵੇਗਾ। ਇਹ ਬਿੱਲ ਪਾਸ ਹੋਣ ਨਾਲ ਬ੍ਰਿਟੇਨ ਦੀ ਭਰੋਸੇਯੋਗਤਾ ’ਤੇ ਅਸਰ ਪਵੇਗਾ। ਲੰਬੇ ਵਿਚਾਰ-ਵਟਾਂਦਰੇ ਪਿੱਛੋਂ ਹੋਏ ਦੋਪੱਖੀ ਸਮਝੌਤੇ ਤੋਂ ਇਕਤਰਫਾ ਹਟ ਜਾਣ ਨਾਲ ਦੁਨੀਆ ਵਿੱਚ ਗਲਤ ਸੰਦੇਸ਼ ਜਾਇਗਾ। ਦੋਵਾਂ ਨੇਤਾਵਾਂ ਨੇ ਕਿਹਾ ਕਿ ਸਮਝੌਤੇ ਦੇ ਕੁਝ ਨਿਯਮਾਂ, ਜੋ ਗਲਤ ਅਤੇ ਗੈਰ-ਜ਼ਰੂਰੀ ਲੱਗਦੇ ਹਨ, ਨੂੰ ਯੂਰਪੀ ਯੂਨੀਅਨ ਨਾਲ ਵਾਰਤਾ ਕਰ ਕੇ ਉਨ੍ਹਾਂ ਨੂੰ ਬਦਲਿਆ ਜਾ ਸਕਦਾ ਹੈ ਤੇ ਜੇ ਗੱਲ ਨਾ ਬਣੇ ਤਾਂ ਪਾਰਲੀਮੈਂਟ ਵਿੱਚ ਬਿੱਲ ਲਿਆ ਕੇ ਸਮਝੌਤੇ ਵਿੱਚ ਬਦਲਾਅ ਕੀਤਾ ਜਾ ਸਕਦਾ ਹੈ, ਪਰ ਸ਼ੁਰੂ ਦੇ ਕਦਮ ਵਜੋਂ ਬਿੱਲ ਲਿਆ ਕੇ ਇਸ ਤਰ੍ਹਾਂ ਨਾਲ ਸਮਝੌਤੇ ਨੂੰ ਪ੍ਰਭਾਵਹੀਣ ਕਰ ਦੇਣਾ ਗਲਤ ਹੈ।

# ਕੇਂਦਰੀ ਨੇਪਾਲ ਵਿੱਚ ਢਿੱਗਾਂ ਡਿੱਗਣ ਨਾਲ 11 ਮੌਤਾਂ, 20 ਲਾਪਤਾ



ਕਾਠਮੰਡੂ, 14 ਸਤੰਬਰ (ਪੋਸਟ ਬਿਊਰੋ)- ਕੇਂਦਰੀ ਨੇਪਾਲ ਵਿੱਚ ਕੱਲ੍ਹ ਸਾਰੀ ਰਾਤ ਪਏ ਮੀਂਹ ਪੈਣ ਨਾਲ ਡਿੱਗੀਆਂ ਢਿੱਗਾਂ ਕਾਰਨ ਤਿੰਨ ਪਿੰਡ ਪੂਰੀ ਤਰ੍ਹਾਂ ਤਬਾਹ ਹੋ ਗਏ ਤੇ 11 ਵਿਅਕਤੀਆਂ ਦੀ ਮੌਤ ਹੋ ਗਈ, ਜਦੋਂ ਕਿ 20 ਹੋਰ ਲਾਪਤਾ ਹਨ। ਇਸ ਬਾਰੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਘਟਨਾ ਤੜਕੇ 2.30 ਵਜੇ ਦੀ ਹੈ, ਜਦੋਂ ਕਾਠਮੰਡੂ ਦੇ ਪੂਰਬ ਵੱਲ ਕਰੀਬ 120 ਕਿਲੋਮੀਟਰ ਦੂਰ ਸਿੰਧੂਪਾਲਚੌਕ ਜ਼ਿਲੇ ਵਿੱਚ ਲਗਾਤਾਰ ਪੈਂਦੇ ਮੀਂਹ ਨਾਲ ਪਹਾੜਾਂ ਤੋਂ ਡਿੱਗੀਆਂ ਮਿੱਟੀ ਦੀਆਂ ਢਿੱਗਾਂ ਨੇ ਨਾਗਪੁਜੇ, ਭੀਰਖੜਕਾ ਅਤੇ ਨੇਵਾਰ ਤੋਲੇ ਪਿੰਡਾਂ ਨੂੰ ਲਪੇਟ ਵਿੱਚ ਲੈ ਲਿਆ।

‘ਮਾਈ ਰਿਪਬਲਿਕਾ’ ਦੀ ਰਿਪੋਰਟ ਅਨੁਸਾਰ ਮਿੱਟੀ ਦੀਆਂ ਢਿੱਗਾਂ ਡਿੱਗਣ ਵੇਲੇ ਇਨ੍ਹਾਂ ਪਿੰਡਾਂ ਦੇ ਲੋਕ ਗੂੜ੍ਹੀ ਨੀਂਦ ਵਿੱਚ ਸਨ। ਸਿੰਧੂਪਾਲਚੌਕ ਦੇ ਜ਼ਿਲਾ ਪੁਲਸ ਮੁਖੀ ਰਾਜਨ ਅਧਿਕਾਰੀ ਨੇ ਦੱਸਿਆ ਕਿ ਸੱਤ ਲਾਸ਼ਾਂ ਘਟਨਾ ਇੱਕ ਪਿੰਡ ਵਿੱਚੋਂ ਅਤੇ ਦੋ ਹੋਰ ਦੋ ਨਦੀਆਂ ਵਿੱਚੋਂ ਮਿਲੀਆਂ ਹਨ। ਪੀੜਤਾਂ ਵਿੱਚੋਂ ਤਿੰਨ ਜਣੇ ਨਾਗਪੁ-ਜੇ, ਤਿੰਨ ਭੀਰਖੜਕਾ ਅਤੇ ਤਿੰਨ ਨੇਵਾਰ ਤੋਲੇ ਪਿੰਡ ਦੇ ਸਨ। ਅਧਿਕਾਰੀ ਨੇ ਦੱਸਿਆ ਕਿ ਬਾਹਰਾਬਿਸ ਨਗਰ ਕੌਂਸਲ ਦੇ ਖੇਤਰ ਘੁਮਬਾਂਗ ਦੀ ਇਸ ਘਟਨਾ ਵਿੱਚ 20 ਵਿਅਕਤੀ ਲਾਪਤਾ ਹੋ ਗਏ ਹਨ। ਇਸ ਦੌਰਾਨ ਹੋਏ ਬਾਕੀ ਨੁਕਸਾਨ ਦਾ ਅਸਲ ਅੰਦਾਜ਼ਾ ਲਾਇਆ ਜਾਣਾ ਬਾਕੀ ਹੈ, ਪਰ ਮੁੱਢਲੇ ਤੌਰ ’ਤੇ ਤਿੰਨ ਪਿੰਡਾਂ ਦੇ 15 ਮਕਾਨ ਤਹਿਸ-ਨਹਿਸ ਹੋਣ ਦਾ ਅਨੁਮਾਨ ਹੈ।






# ਇਸਲਾਮੀ ਚੈਰੀਟੇਬਲ ਸੰਸਥਾਵਾਂ ਭਾਰਤ ਵਿਰੋਧੀ ਗਤੀਵਿਧੀਆਂ ’ਚ ਸ਼ਾਮਲ

ਵਾਸ਼ਿੰਗਟਨ, 14 ਸਤੰਬਰ (ਪੋਸਟ ਬਿਊਰੋ)- ਪੱਛਮੀ ਦੇਸ਼ਾਂ ’ਚੋਂ ਇਸਲਾਮੀ ਚੈਰੀਟੇਬਲ ਸੰਸਥਾਵਾਂ ਨੂੰ ਭਾਰੀ ਫੰਡਿੰਗ ਮਿਲ ਰਹੀ ਹੈ ਅਤੇ ਉਹ ਅਮਰੀਕਾ ਅਤੇ ਯੂਰਪੀ ਦੇਸ਼ਾਂ ’ਚ ਭਾਰਤ ਵਿਰੋਧੀ ਗਤੀਵਿਧੀਆਂ ’ਚ ਸ਼ਾਮਲ ਹਨ।

ਇਹ ਖੁਲਾਸਾ ‘ਵੈਸਟਲਾਈਜਿੰਗ ਵੈਸਟ-ਮੁਸਲਿਮ ਬਰਦਰਹੁਡ, ਜਮਾਤ-ਏ-ਇਸਲਾਮੀ ਅਤੇ ਤਬਲੀਗੀ ਜਮਾਤ’ ਉੱਤੇ ਆਯੋਜਤ ਇੱਕ ਵੈਬੀਨਾਰ ਵਿੱਚ ਸੈਮ ਵੇਸਟਰੋਪ, ਇਸਲਾਮਿਸਟ ਵਾਚ ਦੇ ਡਾਇਰੈਕਟਰ ਜਿਡਲ ਈਸਟ ਫੋਰਮ ਨੇ ਕੀਤਾ।

ਵੈਬੀਨਾਰ ਦਾ ਆਯੋਜਨ ਉਸਾਨਾ ਫਾਊਂਡੇਸ਼ਨ ਨੇ ਕੀਤਾ ਸੀ ਅਤੇ ਅਭਿਨਵ ਪੰਡਿਆ ਨੇ ਇਸ ਨੂੰ ਸੰਚਾਲਿਤ ਕੀਤਾ। ਸੈਮ ਵੇਸਟਰੋਪ ਨੇ ਦੱਸਿਆ ਕਿ ਪੱਛਮੀ ਦੇਸ਼ਾਂ ’ਚ ਸੈਂਕੜੇ ਇਸਲਾਮਿਕ ਚੈਰਿਟੇਬਲ ਸੰਸਥਾਵਾਂ ਹਨ ਜਿਨ੍ਹਾਂ ਵਿੱਚ ਦੋ ਸਭ ਤੋਂ ਪ੍ਰਮੁੱਖ ਹਨ। ਪਹਿਲੀ ਇਸਲਾਮਿਕ ਰਿਲੀਫ ਮੁਸਲਿਮ ਬਰਦਰਹੁਡ ਵੱਲੋਂ ਸਥਾਪਤ ਤੇ ਦੂਜੀ ਮੁਸਲਿਮ ਸਹਾਇਤਾ ਜਮਾਤ-ਏ-ਇਸਲਾਮੀ ਵੱਲੋਂ ਸਥਾਪਤ ਹੈ। ਇਸਲਾਮਿਸਟ ਵਾਚ ਅਨੁਸਾਰ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਇਨ੍ਹਾਂ ਦੋ ਸੰਸਥਾਵਾਂ ਨੂੰ ਦਾਨ ਵਿੱਚ ਹਜਾਰਾਂ ਡਾਲਰ ਮਿਲਦੇ ਹਨ। ਮੁਸਲਿਮ ਸਹਾਇਤਾ ਨਾ ਸਿਰਫ ਕਸ਼ਮੀਰ ’ਤੇ ਭਵਿੱਖ ਬਾਣੀਆਂ ਦਾ ਫੰਡਿੰਗ ਕਰ ਰਹੀ ਹੈ ਸਗੋਂ ਕਸ਼ਮੀਰ, ਗਾਜਾ ਪੱਟੀ ਅਤੇ ਦੁਨੀਆ ਭਰ ’ਚ ਜੇਹਾਦੀਆਂ ਨੂੰ ਸਿੱਧੇ ਤੌਰ ’ਤੇ ਫੰਡਿੰਗ ਕਰਦੀ ਹੈ। ਸੈਮ ਵੇਸਟਰੋਪ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ’ਚ ਵੇਖਿਆ ਗਿਆ ਹੈ ਕਿ ਦੋਵੇਂ ਸੰਸਥਾਵਾਂ ਸਰਗਰਮ ਰੂਪ ਨਾਲ ਰਾਜਨੀਤੀ ’ਚ ਸ਼ਾਮਲ ਹੋ ਰਹੀਆਂ ਹਨ ਅਤੇ ਪੱਛਮ ਵਿੱਚ ਕੱਟੜਪੰਥੀ ਇਸਲਾਮੀ ਗਰੁੱਪਾਂ ਨੂੰ ਹੱਲਾਸ਼ੇਰੀ ਦੇਂਦੀਆਂ ਹਨ। ਉਮਰ ਸੁਲੇਮਾਨ ਵਰਗੇ ਕੁਝ ਲੋਕਾਂ ਨੂੰ ਨੈਂਸੀ ਪੇਲੋਸੀ ਨੇ ਅਮਰੀਕੀ ਕਾਂਗਰਸ ਨੂੰ ਸੰਬੋਧਨ ਕਰਨ ਲਈ ਸੱਦਾ ਦਿੱਤਾ ਹੈ। ਸਲਾਫੀ ਅਤੇ ਦੇਵਬੰਦੀਆਂ ਕੋਲ ਜ਼ਮੀਨੀ ਸ਼ਕਤੀਆਂ ਹਨ ਅਤੇ ਇਨ੍ਹਾਂ ਦਾ ਟੈਕਸਾਸ ’ਚ ਕਾਫ਼ੀ ਨੈਟਵਰਕ ਹੈ ਜੋ ਕਸ਼ਮੀਰ ਏਜੰਡੇ ਨੂੰ ਅੱਗੇ ਵਧਾ ਰਿਹਾ ਹੈ। ਨਾ ਸਿਰਫ਼ ਰਾਜਨੇਤਾ, ਸਗੋਂ ਕਸ਼ਮੀਰੀ ਅੱਤਵਾਦੀਆਂ ਦੇ ਪਰਵਾਰਾਂ ਦੇ ਮੈਂਬਰ ਵੀ ਘਟਨਾਵਾਂ ’ਚ ਸ਼ਾਮਲ ਹੋ ਰਹੇ ਹਨ। ਇਨ੍ਹਾਂ ਸਾਰੇ ਨਵੇਂ ਗਰੁੱਪਾਂ ਦੀ ਸਥਾਪਨਾ ਭਾਰਤ ਦੇ ਪ੍ਰਦਰਸ਼ਨ ਅਤੇ ਅੱਤਵਾਦ ਨੂੰ ਭੜਕਾਉਣ ਲਈ ਕੀਤੀ ਜਾ ਰਹੀ ਹੈ।

ਅੱਤਵਾਤ ’ਤੇ ਰਿਸਰਚ ਪ੍ਰਾਜੈਕਟ ’ਚ ਰਿਸਰਚ ਦੀ ਡਾਇਰੈਕਟਰ ਆਭਾ ਸ਼ੰਕਰ ਨੇ ਦੱਸਿਆ ਕਿ ਪਹਿਲੀ ਵੱਡੀ ਧਿਰ ਯੂ ਐਸ ਕੌਂਸਲ ਆਫ ਮੁਸਲਿਮ ਆਰਗੇਨਾਈਜੇਸ਼ਨ (ਯੂ ਐਸ ਸੀ ਐਮ ਓ) ਹੈ, ਜੋ ਪੂਰੇ ਅਮਰੀਕਾ ’ਚ ਇਸਲਾਮੀ ਸੰਗਠਨਾਂ ਦਾ ਸ਼ੈਲਟਰ ਗਰੁੱਪ ਹੈ। ਇਹ 2014 ’ਚ ਲਾਂਚ ਕੀਤਾ ਗਿਆ ਸੀ ਅਤੇ ਇਸ ਦਾ ਰਾਜਨੀਤਿਕ ਏਜੰਡਾ ਹੈ। ਹਰ ਸਾਲ ਇਹ ਮੁਸਲਿਮ ਗਰੁੱਪ ਵਕਾਲਤ ਦਿਵਸ ਦਾ ਮਨਾਉਂਦਾ ਹੈ ਅਤੇ ਕਸ਼ਮੀਰ ਤੋਂ ਫਿਲਿਸਤੀਨ ਦੇ ਮੁੱਦਿਆਂ ਨੂੰ ਚੁੱਕਦਾ ਹੈ ਅਤੇ ਇਸ ਬਾਰੇ ਮੁਹਿੰਮ ਚਲਾਉਂਦਾ ਹੈ। ਕਈ ਤਰ੍ਹਾਂ ਦੀ ਜਾਂਚ ਅਤੇ ਅਧਿਐਨਾਂ ਨੇ ਯੂ ਐਸ ਕੌਂਸਲ ਆਫ ਮੁਸਲਿਮ ਆਰਗੇਨਾਈਜੇਸ਼ਨ (ਯੂ ਐਸ ਸੀ ਐਮ ਓ) ਅਤੇ ਤੁਰਕੀ ਨਾਲ ਸਬੰਧਾਂ ਨੂੰ ਉਜਾਗਰ ਕੀਤਾ ਹੈ। ਆਰਟੀਕਲ 370 ਦੇ ਰੱਦ ਹੋਣ ਤੋਂ ਬਾਅਦ ਯੂ ਐਸ ਪੀ ਐਮ ਓ ਦੇ ਇੱਕ ਵਫਦ ਨੇ ਪਾਕਿ ਦੇ ਕਬਜ਼ੇ ਵਾਲੇ ਜੰਮੂ-ਕਸ਼ਮੀਰ (ਪੀ ਓ ਜੇ ਕੇ) ਦੇ ਪ੍ਰਧਾਨ ਸਰਦਾਰ ਮਸੂਦ ਖਾਨ ਨਾਲ ਮੁਲਾਕਾਤ ਕੀਤੀ ਅਤੇ ਪਾਕਿਸਤਾਨ ਦੇ ਪੱਖ ’ਚ ਆਪਣਾ ਸਮਰਥਨ ਦੇਣ ਦਾ ਵਾਅਦਾ ਕੀਤਾ।

# ਦਾਦੀ-ਪੋਤਾ ਅਮਰੀਕਾ ਦੀ ਜੰਗਲੀ ਅੱਗ ਦੀ ਭੇਟ ਚੜ੍ਹੇ

ਸਾਨ ਫਰਾਂਸਿਸਕੋ, 14 ਸਤੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਫੈਲੀ ਜੰਗਲੀ ਅੱਗ ਨੇ ਓਰੇਗਨ ਵਿੱਚ ਇੱਕ ਘਰ ਨੂੰ ਸਾੜ ਕੇ ਸੁਆਹ ਕਰ ਦਿੱਤਾ, ਜਿਸ ਕਾਰਨ ਇੱਕ 13 ਸਾਲਾ ਲੜਕਾ, ਉਸ ਦੀ ਦਾਦੀ ਅਤੇ ਪਰਵਾਰਕ ਕੁੱਤੇ ਦੀ ਮੌਤ ਹੋ ਗਈ। ਰਿਸ਼ੇਤਦਾਰ ਉਹ ਹਾਲਾਤ ਨੂੰ ਜਾਨਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਨ੍ਹਾਂ ’ਚ ਇਨ੍ਹਾਂ ਦੀ ਮੌਤ ਹੋ ਗਈ।

ਓਰੇਗਨ ਦੇ ਮੈਰੀਅਨ ਕਾਉਂਟੀ ਦੇ ਪ੍ਰਤੀਨਿਧਾਂ ਨੇ ਕਿਹਾ ਕਿ ਉਨ੍ਹਾਂ ਨੂੰ ਇੱਕ ਗੱਡੀ ਵਿੱਚ 13 ਸਾਲਾ ਵਿਆਟ ਟੋਫਟੇ ਤੇ 71 ਸਾਲਾ ਪੇਗੀ ਮੋਸੇ ਦੀਆਂ ਲਾਸ਼ਾਂ ਮਿਲੀਆਂ। ਪਰਵਾਰਕ ਮੈਂਬਰਾਂ ਅਨੁਸਾਰ ਵਿਆਟ ਦਾ ਕੁੱਤਾ ਡਿਊਕ ਉਸ ਦੀ ਗੋਦੀ ਵਿੱਚ ਸੀ। ਪਰਸੋਂ ਦੁਪਹਿਰ ਨੂੰ ਜਦੋਂ ਅੱਗ ਬੀਚੀ ਕ੍ਰੀਕ ਦੇ ਨੇੜੇ ਪਹੁੰਚੀ ਤਾਂ ਦਾਦੀ-ਪੋਤਾ ਬਚਾਅ ਕਰਨ ਵਾਲੇ ਅੱਗ ਬੁਝਾਊ ਦਸਤੇ ਦੀ ਭਾਲ ਕਰ ਰਹੇ ਸਨ। ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਬਿਜਲੀ ਸਪਲਾਈ ਪਹਿਲਾਂ ਹੀ ਬੰਦ ਹੋ ਗਈ ਸੀ ਅਤੇ ਵਿਆਟ ਦੇ ਡੈਡੀ ਜਨਰੇਟਰ ਲੱਭਣ ਦੀ ਕੋਸ਼ਿਸ਼ ਲਈ ਘਰੋਂ ਚਲੇ ਗਏ ਸਨ, ਇਸ ਲਈ ਜਦੋਂ ਘਰ ਨੂੰ ਅੱਗ ਨੇ ਲਪੇਟ ਵਿੱਚ ਲਿਆ ਤਾਂ ਉਹ ਘਰ ਨਹੀਂ ਸੀ। ਵਿਆਟ ਦੀ ਮਾਂ ਐਂਜੀ ਮੋਸੇ ਬਿਨਾਂ ਕਿਸੇ ਸ੍ਰੋਤ ਦੇ ਘਰ ਦੁਆਲੇ ਅੱਗ ਬੁਝਾਉਣ ਦੀ ਕੋਸ਼ਿਸ਼ ਕਰਦੀ ਰਹੀ। ਐਂਜੀ ਮੋਸੇ ਆਪਣੀ ਬਜ਼ੁਰਗ ਸੱਸ, ਜਿਸ ਦੀ ਲੱਤ ਟੁੱਟੀ ਹੋਈ ਸੀ, ਨੂੰ ਕਾਰ ਵਿੱਚ ਬਿਠਾਉਣ ਵਿੱਚ ਮਦਦ ਕਰ ਰਹੀ ਸੀ, ਪਰ ਟਾਇਰ ਸੜ ਰਹੇ ਸਨ। ਵਿਆਟ ਦੀ ਮਾਸੀ ਮੈਰੀ ਟੌਫਟੇ ਨੇ ਰੋਂਦੇ ਹੋਏ ਕਿਹਾ ਅੱਗ ਦੀਆਂ ਲਾਟਾਂ ਉਸ ਦੇ ਤੇ ਕਾਰ ਦੁਆਲੇ ਆ ਚੁੱਕੀਆਂ ਸਨ। ਲੱਗਭਗ ਉਸੇ ਸਮੇਂ ਵਿਆਟ ਦਾ ਡੈਡੀ ਕ੍ਰਿਸ ਟੋਫਟੇ ਅੱਗ ਕਾਰਨ ਆਪਣੇ ਘਰ ਤੱਕ ਨਾ ਆ ਸਕਿਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!

DUNDAS·JAFINE

## HELP WANTED
### ਕਾਮਿਆਂ ਦੀ ਲੋੜ
### ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
## Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-

We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

## CELLNTELL DISTRIBUTION INC
## 1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can (905)793-2202
Place Your Business Here
To Reach Wider Audience

Marriage
# Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਵਿਦਾਸ ਲੜਕਾ, ਉੱਮਰ 27 ਸਾਲ, ਕੱਦ 6'2'', ਕੈਨੇਡੀਅਨ ਪੀ ਆਰ, ਜੋਬ ਟਰੱਕ ਚਲਾਉਂਦਾ ਹੈ ਅਤੇ ਵੇਲ ਸਟੈਲਡ ਹੈ, ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ/ ਵਰਕ ਪਰਮਟ ਹੋਲਡਰ ਲੜਕੀਆਂ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ:
416-419-6097 ਜਾਂ 437-993-7620

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ੂਰਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੈਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐੱਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ-95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ।
ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Match for a Jat Sikh girl 26, 5'5" BBA (Accounting) Canada, Accountant, PR in process. Vegetarians preferred. Contact; gb.bhandal@gmail.com

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

## UPPAL LAW

AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY


ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential ▪ Commercial ▪ Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com


Ride Ontario's
Heritage Railway
SPECIAL RIDES
FALL COLOURS TOURS
Starts From Sep 27
Reservation only
SOUTH SIMCOE RAILWAY
ONTARIO'S FIRST STEAM HERITAGE RAILWAY
ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜਾਰਾ
ਯਾਨੀ ਪਤਝੱੜ (Falls) ਦਾ ਇਸ ਵਾਰੀ Beeton
Creek Valley ਵਿੱਚ South Simcoe ਦੀ
Heritage Train ਰਾਹੀਂ ਆਪਣੇ ਪਰਿਵਾਰ
ਸਮੇਤ ਆਨੰਦ ਮਾਣੋ
Ask about on-board Birthday Parties!
ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ
ਪਾਰਕਾਂ ਵਿੱਚ ਪਿਕਨਿਕ ਮਨਾਉਣ ਦਾ ਨਜ਼ਾਰਾ ਲੈਣ ਲਈ: www.tottenhamconservation.com
For complete information, fares & schedules, please visit southsimcoerailway.ca
GPS 44 . 01 . 19 N
79 . 48 . 27 W
or call:905.936.5815
VISA
MasterCard
Interac


afc
ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017



Other Realtors only Promise But JAG AUJLA SOLD YOUR HOME WITH GUARANTEE

Advertisement GUARANTEED Till SOLD

Call For a Quick & Free Home Evaluation

# JAG AUJLA

416-371-7777

RE/MAX

www.BramptonTopRealtor.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

**CALEDON** | **BRAMPTON**




**ਕੈਨੇਡੀ / ਦੁੱਗਲ**

ਕਰੀਬ ਨਵਾਂ ਘਰ ਸੇਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਚਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਂਟਰ ਟਾਪ। ਮੇਨ ਫਲੋਰ ਲਾਂਡਰੀ ਹੈ। ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।



**ਹਾਈਵੇ 10 / ਮੇਅਫਿਲਡ ਰੋਡ**

ਬਰੈਂਪਟਨ ਵਿੱਚ ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਘਰ। ਇਨ ਗਰਾਊਂਡ ਸਵਿਮਿੰਗ ਪੂਲ। ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੇ ਹਨ। ਫਿਨਿਸ਼ਡ ਬੇਸਮੈਂਟ। ਸਾਰੇ ਘਰ ਵਿਚ ਹਾਰਡਵੁਡ ਫਲੋਰ। ਮੇਨ ਫਲੋਰ 9 ਫੁੱਟ ਸਿਲਿੰਗ। ਅਪਗ੍ਰੇਡਿਡ ਕਿਚਨ ਅਤੇ ਕੌਰੇਨਾਈਟ ਕਾਊਂਟਰ ਟਾਪ। ਮਾਸਟਰ ਬੈਡਰੂਮ 5 ਪੀਸ ਏਨਸੂਟ। ਸਟੇਨਲੈਸ ਸਟੀਲ ਅਪਲਾਈਂਸੇਸ, ਅਤੇ ਬਰੇਕਫਾਸਟ ਏਰੀਆ ਪਿਛੇ ਬੈਕਯਾਰਡ ਵਿਚ ਬਣੇ ਪੂਲ ਨੂੰ ਜਾਂਦਾ ਹੈ। ਸਾਰੀਆਂ ਸਹੂਲਤਾਂ ਦੇ ਨੇੜੇ।




**ਕਵੀਨ ਸਟ੍ਰੀਟ / ਸੈਂਟ੍ਰਲ ਪਾਰਕਵੇ**

ਬ੍ਰਾਇਟ ਅਤੇ ਸਪੋਟਲੈਸ, ਬਹੁਤ ਸਾਰੇ ਕੁਦਰਤੀ ਰੌਸ਼ਨੀ ਦੇ ਨਾਲ ਕਾਰਨਰ ਐਂਡ ਯੂਨਿਟ ਲੱਭਣ ਲਈ ਦੁਰਲੱਭ, 3 ਬੈੱਡਰੂਮ + ਸੋਲਾਰਿਅਮ + 2 ਪੂਰੇ ਵਾਸ਼ਰੂਮ ਪੇਸ਼ ਕਰਦੇ ਹਨ + ਲਾਂਡਰੀ + 2 ਪਾਰਕਿੰਗ (# 177) ਟੇਨਡੇਮ ਅੱਗੇ ਐਲੀਵੇਟਰਸ / ਕਾਰ ਕੇਅਰ ਸੈਂਟਰ ਦੇ ਅੱਗੇ. ; ਸੁੰਦਰ ਖਾਣਾ ਰਸੋਈ ਵਿਚ ਬੈਕ ਸਪਲੈਸ਼ਸ, ਪੈਂਟਰੀ, ਬੀ /ਆਈ ਡਿਸ਼ਵਾਸ਼ਰ ਅਤੇ ਐਸ /ਡਬਲਯੂ ਵਿਊ ਨਾਲ; ਮਾਸਟਰ ਬੈਡਰੂਮ ਕੋਲ 4 ਪੀਸੀ ਐਨਸੂਆਇਟ (ਨਵੀਂ ਵੈਨਿਟੀ-ਮਿਰਰ) ਅਤੇ ਵਾਕਇਨ ਕਲੋਜ਼ਟ; ਸੈਮਸੰਗ ਵਾੱਸ਼ਰ ਅਤੇ ਡ੍ਰਾਇਅਰ ਦੇ ਨਾਲ ਲਾਂਡਰੀ ਦਾ ਅਨੁਕੂਲਣ; ਬਹੁਤ ਸਾਰੀ ਸਟੋਰੇਜ ਹਨ।

Recently Sold !!!




ਮੇਵਿਸ / ਸਟੀਲ | ਸੈਂਡਲਵੁਡ/ਵੈਨਕਿਰਕ | ਸੈਂਡਲਵੁਡ/ਕ੍ਰੇਡੀਟਵਿਊ | ਸੈਂਡਲਵੁਡ/ਚਿੰਗੂਜੀ

# ਨਵਾਂ ਘਾਹ ਲਵਾਉ

647-784-1213
www.aaalandscaping.ca



ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ | ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ | ਨਵਾਂ ਘਾਹ ਲਵਾਉ | ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

# REXDALE BODY SHOP

USED CAR SALE



CHEEMA

Specialization In:
- ★ All Kinds of Body Work
- ★ Auto Glass Windshield
- ★ Denting, Painting & Welding

SPECIAL PAINT JOB $779

RENTAL CAR PROVIDED



25 years of Canadian Experience
OPEN MON - SAT 9AM TO 7PM

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

LOWEST PRICE IN TOWN
Towing Service Car Paint Starts $799*upto 100% Deductible Paid*

Call Rick or Manminder Cheema: 416.749.9596 / 416.951.6431

30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

# ਅਵਤਾਰ ਸਿੰਘ ਟਿਵਾਨਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777
416.802.5866

31 Melanie Dr. Unit #4 Brampton, ON L6T 5H8




**2645 KIPLING AVE**

ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।

**HWY 427/REXDALE**

ਹੰਬਰ ਰੀਵਰ ਅਤੇ ਸ਼ਹਿਰ ਦੇ ਪੈਨੋਰਾਮਿਕ ਦ੍ਰਿਸ਼ਾਂ ਵਾਲਾ ਲੱਕਸ ਟ੍ਰਾਈਡਲ ਬਿਲਟ ਕਾਂਡੋ। 2 ਵੱਡੇ ਬੈਡਰੂਮ ਅਤੇ 2 ਫੁੱਲ ਵਾਸ਼ਰੂਮ, ਲਿਵਿੰਗ ਏਰੀਆ ਵਿੱਚ ਲੇਮੀਨੈਟ ਫੋਲੋਰਿੰਗ, ਇਨਸੂਟ ਲਾਂਡਰੀ, ਵਧੀਆ ਲੋਕੇਸ਼ਨ। ਸਕੂਲ, ਸ਼ਾਪ, ਲਾਈਬਰੈਰੀ, ਹਾਈਵੇ 427/401, ਪਬਲਿਕ ਟਰਾਂਸਪੋਰਟ /ਟੀ ਟੀ ਸੀ/ ਗੋ ਸਟੇਸ਼ਨ ਵੁੱਡਬਾਈਨ ਕੈਸੀਨੋ/ ਟਰੈਕ ਅਤੇ ਹਵਾਈ ਅੱਡੇ ਦੇ ਬਿਲਕੁਲ ਨੇੜੇ।

**SANDALWOOD/BRAMALEA**

ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿੱਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੈਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ

# NEED A LAWYER ??

# KAUR LAW OFFICE

Red Seal NOTARY



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization



**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# OURR HOME & APPLIANCES

UPTO 70% OFF WAREHOUSE SALE

416.551.3343 OPEN TO PUBLIC
www.ourrhomeappliances.com




SERVING ONTARIO FROM

TORONTO
44 FASKEN DR, # 2 - 9
ETOBICOKE, ON M9W 5M8
(416)-792-0877, (416)-551-3343

STONEY CREEK
#6 – 410 LEWIS ROAD
STONEY CREEK, ON L8E 5Y7
(905) 643-0818

LONDON
#4 -1540 FANSHAWE PARK RD. W,
LONDON, ON N6H 5L8
(519)-641-1010

BRAMPTON
1-241 CLARENCE ST.
BRAMPTON, ON L6W 3E7
(416)-551-3343

AUTHORISED DEALER OF ALL NAME BRANDS
JENN-AIR. Whirlpool MAYTAG Electrolux SAMSUNG LG KitchenAid FRIGIDAIRE GE

# BRAND NEW & OPEN BOX APPLIANCES

# Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਉਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111






# Grand Upholstery Ltd

**Sofa Company** Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉਤੇ ਵੀ ਲੈ ਸਕਦੇ ਹੋ




Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholsery@gmail.com